KING 73 RENO LTD. FREE ESTIMATES 22 ਸਾਲ ਦਾ ਤਜਰਬਾ
WE DO ALL KIND OF RENOVATION
ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ
www.king73reno.com GURDEEP S. GILL
778.896.4555

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 29, Issue No. 40, Ending Date:Oct 07, 2022

WALIA FOREX LTD
ਦੁਨਿਆ ਦੇ ਕਿਸੇ ਵੀ ਕੋਨੇ ਵਿੱਚ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
Send money instantly Worldwide
We also Buy & Sell US Dollars/Euro & Pounds
778-822-8410 #2A-2599 Cedar Park Pl. Abbotsford, BC
778-861-0324 #285-8128-128 St. Surrey, BC

## ਕੈਨੇਡਾ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 10 ਲੱਖ ਦੇ ਕਰੀਬ

### ਉਨਟਾਰੀਉ ‘ਚ 397,865:ਬੀ ਸੀ ‘ਚ 315,000, ਅਲਬਰਟਾ ‘ਚ 126,365 ਲੋਕ ਪੰਜਾਬੀ ਬੋਲਦੇ ਹਨ

ਸਰੀ (ਬਲਵੰਤ ਸਿੰਘ ਸੰਘੇੜਾ):ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਇਹ ਸੂਚਨਾ ਖੁਸ਼ੀ ਨਾਲ ਸਾਂਝੀ ਕਰ ਰਹੀ ਹੈ ਕਿ 2021 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਕਨੇਡਾ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 942,170 ਹੈ।



ਇਹ ਗਿਣਤੀ 2021 ਦੇ ਨੰਬਰਾਂ ਨਾਲੋਂ ਕਾਫੀ ਵਧੀ ਹੈ।ਅਸੀਂ ਪਲੀ ਵਲੋਂ ਪੰਜਾਬੀ ਦੇ ਸਾਰੇ ਸ਼ੁੱਭਚਿੰਤਕਾਂ ਦਾ ਅਤੇ ਸਾਊਥ ਏਸ਼ੀਅਨ ਮੀਡੀਏ ਦਾ ਇਸ ਸਬੰਧ ਵਿਚ ਧੰਨਵਾਦ ਕਰਦੇ ਹਾਂ।ਕਨੇਡਾ ਦੀ ਮਰਦਮਸ਼ੁਮਾਰੀ ਵਾਲਿਆਂ ਨੇ ਭਾਸ਼ਾ ਬਾਰੇ ਅੰਕੜੇ ਇਕੱਠੇ ਕਰਨ ਸਬੰਧੀ ਸਵਾਲਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਕੇ ਪੇਸ਼ ਕੀਤਾ ਸੀ: (ਏ) ਪੰਜਾਬੀ ਨੂੰ ਮਾਂ-ਬੋਲੀ ਵਜੋਂ ਬੋਲਣ ਵਾਲੇ; (ਬੀ) ਘਰ ਵਿੱਚ ਬਹੁਤਾ ਸਮਾਂ ਪੰਜਾਬੀ ਬੋਲਣ ਵਾਲੇ; (ਸੀ) ਕਨੇਡਾ ਦੀਆਂ ਨਾਨ-ਆਫੀਸ਼ੀਅਲ ਬੋਲੀਆਂ ਤੋਂ ਇਲਾਵਾ ਪੰਜਾਬੀ ਭਾਸ਼ਾ ਦੀ ਜਾਣਕਾਰੀ ਰੱਖਣ ਵਾਲੇ।ਇਨ੍ਹਾਂ ਵੱਖਰੇ ਹਿੱਸਿਆਂ ਅਨੁਸਾਰ ਬੋਲਣ ਵਾਲਿਆਂ ਦੀ ਗਿਣਤੀ ਸੀ:

(ਏ) 763,785 (2016 ਨਾਲੋਂ 40.5% ਵਾਧਾ।

(ਬੀ) 827,150 (2016 ਨਾਲੋਂ 45% ਵਾਧਾ)।

(ਸੀ) 942,170 (2016 ਨਾਲੋਂ 41% ਵਾਧਾ।

ਕਨੇਡਾ ਦੀ 2021 ਦੀ ਮਰਦਮਸ਼ੁਮਾਰੀ ਦੇ ਅੰਕੜੇ ਦਰਸਾਉਂਦੇ ਹਨ ਕਿ ਮਈ 10, 2021 ਵੇਲੇ ਓਨਟੈਰੀਓ ਸੂਬੇ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 397,865 ਹੈ ਜੋ ਕਨੇਡਾ ਵਿੱਚ ਸਭ ਤੋਂ ਵੱਧ ਹੈ।ਦੂਜੇ ਨੰਬਰ ’ਤੇ ਬੀ.ਸੀ ਹੈ ਜਿੱਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 315,000 ਹੈ ਤੇ ਤੀਜੇ ਨੰਬਰ ’ਤੇ ਅਲਬਰਟਾ ਹੈ ਜਿੱਥੇ 126,365 ਪੰਜਾਬੀ ਬੋਲਣ ਵਾਲੇ ਹਨ।ਪਲੀ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਪਿਛਲੇ ਸਾਲ ਮਰਦਮਸ਼ੁਮਾਰੀ ਵੇਲੇ ਇਸ ਵਲੋਂ ਪੰਜਾਬੀ ਪ੍ਰੇਮੀਆਂ ਨੂੰ ਮਰਦਮਸ਼ੁਮਾਰੀ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਚਲਾਈ ਮੁਹਿੰਮ ਨੂੰ ਸਭ ਵਲੋਂ ਹਾਂ-ਪੱਖੀ ਹੁੰਗਾਰਾ ਮਿਲਿਆ।ਅਸੀਂ ਵੀ ਤੇ ਸਾਰਾ ਪੰਜਾਬੀ ਭਾਈਚਾਰਾ ਉਨ੍ਹਾਂ ਸਭ ਦਾ ਧੰਨਵਾਦੀ ਹੈ ਜਿਨ੍ਹਾਂ ਨੇ ਮਰਦਮਸ਼ੁਮਾਰੀ ਵਿੱਚ ਪੰਜਾਬੀ ਨੂੰ ਚੁਣਿਆ।ਇਸ ਹਾਂ-ਪੱਖੀ ਹੁੰਗਾਰੇ ਲਈ ਸਾਊਥ ਏਸ਼ੀਅਨ ਮੀਡੀਆ ਵੀ ਧੰਨਵਾਦ ਦਾ ਅਤੇ ਵਧਾਈ ਦਾ ਹੱਕਦਾਰ ਹੈ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya Mortgage Specialist
604.760.9172
# 384-8148 128 St, Surrey (Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਜਸਵੀਰ ਗਰੇਵਾਲ 778 317 6262
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

BASANT SWEETS & RESTAURANT
TAKE OUT-DINE IN & CATERING
ਮੰਦਰ, ਗੁਰਦੁਆਰਾ ਸਾਹਿਬ ਅਤੇ ਧਾਰਮਿਕ ਸਮਾਗਮ, ਫੰਕਸ਼ਨਾਂ ਲਈ ਵਿਸ਼ੇਸ਼ ਡਿਸਕਾਊਂਟ
ਫੋਨ:604-595-3535
ਬਲਰਾਮ ਬੱਲੀ:604-862-1733
#402-8148 128 St. Surrey (Payal Business Cenre)

BM Elite Renovations Ltd.
ਅਸੀਂ ਹਰ ਤਰਾਂ ਦੀ ਰੈਨੋਵੇਸ਼ਨ ਕਰਦੇ ਹਾਂ
• ਹਾਰਡਵੁੱਡ • ਲੈਮੀਨੇਟ
• ਟਾਈਲਾਂ • ਪੇਂਟਿੰਗ
• ਕਿਚਨ ਕੈਬਿਨੇਟਸ • ਫ੍ਰੇਮਿੰਗ
• ਸਟੋਨ ਵਰਕ • ਡਰਾਈਵਾਲ ਫਿਨਿਸ਼ਿੰਗ
ਨਵੀਂ ਬੇਸਮੈਂਟ ਅਤੇ ਬਾਥਰੂਮ ਐਕਸਟੈਂਸ਼ਨ
Call at 604-791-3933
BMeliterenovation@outlook.com

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential Interior & Exterior
Ph:604-897-2526

TRANSWORLD TRAVEL
Air Canada Direct YVR to Delhi
604-852-2204

SUPER VISA INSURANCE
• BEST RATES GUARANTEED
• FULL REFUND IF VISA DENIED
• PARTIAL REFUND IF PARENTS LEAVE EARLY
• MORTGAGE INSURANCE
CALL SUPER VISA SPECIALIST SANDEEP AHUJA CHS
604-996-6862
Surrey & Abbotsford

A-CLASS FOREIGN EXCHANGE
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਫੋਨ ਮਿਲਾਓ
604-825-2222

Universal Auto Collision Ltd.
• ICBC Claims • Private Claims • Free Courtesy Cars • Auto Glass Replacement • Free Estimates
Ph. 604-596-2800 Fax: 604-596-3800 Satisfaction Guarantee
#1, 7680-134th Street, Surrey, BC V3W 7T8

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry Lucky Stones Gemstones 40% OFF Seiko & Citizen Watches
ABBOTSFORD LOCATION #103 - 2752 Allwood St. Abbotsford, BC V2T 3R7
604-864-6066 | 604-853-5259

SIDHU TRAVEL LTD.
Rani Sidhu (Manager) Ph: 604-504-3400
BESTWAY Foreign Exchange Ltd.
Sony Sidhu (Zira) Ph: 778-246-2500 604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਤਨਖਾਹ $15-$30 ਪ੍ਰਤੀ ਘੰਟਾ 6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE Avineet Kalsey Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ • ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com MortgageAlliance.com/AvineetKalsey
#1A - 2497 Clearbrook Rd, Abbotsford, BC V2T 2Y3 #205 - 12033 92A Ave. Surrey, BC V3V 4B8

PATNA SWEETS & RESTAURANT
40 ਸਾਲਾਂ ਤੋਂ ਬੰਗਾਲੀ ਅਤੇ ਪੰਜਾਬੀ ਮਠਿਆਈਆ ਦੇ ਮਾਹਰ ਹਲਵਾਈ
DINE-IN & TAKE OUT We Cater All Your Special Occasions!
604-756-0383, 778-552-3625
#102-2580 Cedar Park Pl Abbotsford, BC

HARVY JAWANDA PERSONAL REAL ESTATE CORPORATION 604.655.7776 RE/MAX
YOUR SURREY REALTOR YOURSURREYREALTOR.COM


FARM AND SPICE
Open 7 Days a Week
8.30 am to 9.00 pm
SPECIAL OFFERS : Sep 30 - 6 Oct
Daily Specials on
ਸ਼ਿਮਲਾ ਮਿਰਚ
Green Pepper
$1.29 /lb
ਐਂਬ੍ਰੋਸੀਆ ਸੇਬ
Apple
Ambrosia BC
$1.49 /lb
ਨੈਕਟ੍ਰੀਨਜ਼
Nectarine
$1.99 /lb
ਸੰਤਰੇ
Large Navel Oranges
$1.49 /lb
ਮੈਂਡਰਿਨਜ਼
Mandarin
99¢ /lb
ਗਾਲਾ ਸੇਬ
Apple
Gala BC
99¢ /lb
ਪਰੂਨ ਪੱਲਮ
Prune Plum
$2.49 /lb
ਪੀਚੀਜ਼
Peaches
$1.99 /lb
ਫੂਜੀ ਸੇਬ
Apple Fuji
(New Zealand)
$1.49 /lb
ਪਾਈਨਐਪਲ
Pine Apple
$4.99 each
ਇੰਡੀਅਨ ਗਾਜਰ
Indian Carrot
$4.99 /lb
ਮੋਠ ਬਲਕ
Moth Bulk
$1.49 /lb
ਬਦਾਮ
Almonds
Premium Quality
$3.99 /lb
70g
$4.79 each
ਮਖਾਣਾ
Crispeez
flavoured makhana
assorted
ਹੀਰ ਵੇਸਣ
Shan Pickles
Mango/Chilli/Mixed Pickle
Lemon/Hyderabidi Mix
1kg
$3.99 each
ਐ-ਪਲਸ ਸ਼ੱਕਰ
Aplus
Punjabi Shakkar
1kg
$2.99 each
ਐ-ਪਲਸ ਸੋਯਾ
Aplus
Soya Chunks/ Mini Chunks
200g
$1.99 each
A+PLUS
PRODUCTS
FROM PUNJAB
HAS ARRIVED
ਏ+ਪਲਸ ਆਟਾ
A+Plus
Chakki Atta
10kg
$11.99 each
ਸੌਰਭੀ ਐਸਾਰਟਿਡ ਆਟਾ
Saurbhi/ Flour
Makki Atta/Besan
4lb
$3.99 each
ਬਾਸਮਤੀ ਚਾਵਲ
India at Home
Basmati Rice
8lb
$7.99 each
ਟਾਟਾ ਚਾਹ
Tata
Tea Premium
220 bags
$9.99 each
ਰੋਇਲ ਬਾਸਮਤੀ
Royal
Basmati Rice
White/Brown
10lb
$14.99 each
PUNJABI FLAVOURED KULFI ALSO AVAILABLE
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available

# YOUR COUNCILLOR CANDIDATE FOR THE **CITY OF SURREY**

ELECT VOTE

## KAM PAWAR

I.T.Professional / Business Consultant

Your City & Your Voice For The Future



Kam Pawar is running as an independent for a position of Surrey City Councillor. Early on, he pursued his career as an information technology professional with VCH health authority. He values the opportunity to give something back to the diverse and multicultural community of Surrey. Now for over a decade, with his significant experience working as real estate business consultant at community level within Surrey, provides him insight into the issues affecting local residents from a number of different perspectives. Kam believes strongly that in order to rebuild trust, Council needs to be more accessible to the community at large and be transparent through greater involvement of public and city staff consultations. He has been recognized for his leadership skills and very well aware of the struggles faced by the immigrant families, while volunteering as a board of director for Progressive Intercultural Community Services Society of BC, a non-profit organization in Surrey. Kam will be very much instrumental in building relationships of respect within city organizations, and to further liaison with all levels of governments for the benefit of City of Surrey residents.

### TEAM WORK • TRANSPARENCY • INTEGRITY • SAFETY

- **Rebuild trust** between public and City Hall, we need Council to be transparent about fiscal financial position and to provide strategic long term planning to manage and optimize the growth of City of Surrey.
- With broad community consultations, revisit mission, values, vision and priorities to **focus Council's decisions**.
- Tax Rebates, reduce red tape, hire additional city staff to ease the development application and **building permit process to boost** housing supply to **bring affordability for the residents**.
- Improve, resolve and plan to **reduce traffic congestion** within the City of Surrey.
- **Increase accessibility** of Council Members to public.
- Create more policing & education resources to **fight youth gang violence**.
- Initiate sustainable development and implement climate change framework to attract high paying businesses, which shall provide **green sustainable jobs for Youth**.
- Provide **affordable renewable resources** to residents of Surrey, so they can save hard earned money on their energy bills.
- Initiate further discussions with both Federal and Provincial Governments to enhance fair share of City of surrey residents allocation of tax revenue and grants.
- Create new policies to provide **affordable housing** for the immigrant students.
- Provide **solutions to our logistics industry** by building truck stops and dedicate truck parking by immediately evaluating re-zoning process.

| ELECTION DAY | ADVANCE VOTING |
|---|---|
| **SATURDAY OCTOBER 15** | **OCTOBER 5, 8, 9, 12** |

www.surreyreform.ca

## VOTE FOR KAM PAWAR

# ਹਿੰਦੂ ਬਣਨ ਲਈ ਧਰਮ ਬਦਲਣ ਦੀ ਲੋੜ ਨਹੀਂ, ਭਾਰਤ 'ਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਹਨ:ਮੋਹਨ ਭਾਗਵਤ ਕਿਹਾ, ਹਿੰਦੂ ਧਰਮ ਧਰਮ ਨਹੀਂ, ਸਗੋਂ ਜੀਵਨ ਜਿਉਣ ਦਾ ਇਕ ਤਰੀਕਾ ਹੈ

ਸ਼ਿਲਾਂਗ:ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ.ਐਸ) ਦੇ ਮੁਖੀ ਮੋਹਨ ਭਾਗਵਤ ਨੇ ਬੀਤੇ ਦਿਨੀਂ ਮੇਘਾਲਿਆ ਦੇ ਸ਼ਿਲਾਂਗ 'ਚ ਵਿਸ਼ਿਸ਼ਟ ਨਾਗਰਿਕ ਸੰਮੇਲਨ ਨੂੰ ਸੰਬੋਧਨ ਕੀਤਾ।

ਉਨ੍ਹਾਂ ਕਿਹਾ ਕਿ ਹਿੰਦੂ ਧਰਮ ਧਰਮ ਨਹੀਂ,ਸਗੋਂ ਜੀਵਨ ਜਿਉਣ ਦਾ ਇਕ ਤਰੀਕਾ ਹੈ।ਮੋਹਨ ਭਾਗਵਤ ਨੇ ਕਿਹਾ ਹਿੰਦੂ ਸ਼ਬਦ ਉਨ੍ਹਾਂ ਸਾਰਿਆਂ ਨੂੰ ਇਕ ਦੂਜੇ ਵਿਚ ਸ਼ਾਮਲ ਕਰਦਾ ਹੈ ਜੋ ਭਾਰਤ ਮਾਤਾ ਦੇ ਪੁੱਤਰ ਹਨ, ਭਾਰਤੀ ਪੂਰਵਜਾਂ ਦੇ ਵੰਸ਼ਜ ਹਨ ਅਤੇ ਜੋ ਭਾਰਤੀ ਸੰਸਕ੍ਰਿਤੀ ਅਨੁਸਾਰ ਰਹਿੰਦੇ ਹਨ।

ਉਨ੍ਹਾਂ ਕਿਹਾ ਕਿ ਹਿੰਦੂ ਬਣਨ ਲਈ ਕਿਸੇ ਨੂੰ ਧਰਮ ਬਦਲਣ ਦੀ ਲੋੜ ਨਹੀਂ ਕਿਉਂਕਿ ਭਾਰਤ ਵਿਚ ਹਰ ਕੋਈ ਹਿੰਦੂ ਹੈ।ਅਸੀਂ ਹਿੰਦੂ ਹਾਂ, ਪਰ ਹਿੰਦੂ ਦੀ ਕੋਈ ਖਾਸ ਪਰਿਭਾਸ਼ਾ ਨਹੀਂ, ਇਹ ਸਾਡੀ ਪਛਾਣ ਹੈ। ਭਾਰਤੀ ਅਤੇ ਹਿੰਦੂ ਸ਼ਬਦ ਦੋਵੇਂ ਸਮਾਨਾਰਥੀ ਸ਼ਬਦ ਹਨ।ਆਰ ਐਸ ਐਸ ਮੁਖੀ ਨੇ ਕਿਹਾ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਪਛਾਣ ਦੇ ਲਿਹਾਜ ਨਾਲ ਹਿੰਦੂ ਹਨ।ਇਹ ਇਕ ਭੂ-ਸਭਿਆਚਾਰਕ ਪਛਾਣ ਹੈ।

ਭਾਰਤ ਕੋਈ ਪਛਮੀ ਸੰਕਲਪ ਵਾਲਾ ਦੇਸ਼ ਨਹੀਂ ਹੈ।ਇਹ ਪੁਰਾਣੇ ਸਮੇਂ ਤੋਂ ਇਕ ਸਭਿਆਚਾਰਕ ਦੇਸ਼ ਰਿਹਾ ਹੈ।ਮੋਹਨ ਭਾਗਵਤ ਨੇ ਕਿਹਾ ਕਿ ਭਾਰਤ ਦੀ ਏਕਤਾ ਇਸ ਦੀ ਤਾਕਤ ਹੈ।ਭਾਰਤ ਜਿਸ ਵਿਭਿੰਨਤਾ ਦਾ ਦਾਅਵਾ ਕਰਦਾ ਹੈ, ਉਹ ਮਾਣ ਵਾਲੀ ਗੱਲ ਹੈ।



# ਸ. ਪੁਰੇਵਾਲ ਜੀ ਦੀ ਫੋਟੋ ਅਜਾਇਬ ਘਰ ਵਿੱਚ ਲੱਗੇ



ਵੀਹਵੀਂ ਸਦੀ ਦੇ ਅਸਲੀ ਖੋਜੀ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ, ਸਿੱਖ ਕੈਲੰਡਰ ਰਾਹੀਂ ਸਿੱਖ ਕੌਮ ਦੀ ਵੱਖਰੀ ਨੈਸ਼ਲਟੀ ਦਰਸਾਉਣ ਵਾਲੇ ਗੁਰਮੁਖ ਵਿਦਵਾਨ, ਫਖਰੇ ਕੌਮ ਸਰਦਾਰ ਪਾਲ ਸਿੰਘ ਪੁਰੇਵਾਲ ਆਪਣੀ ਘਾਲ ਕਮਾਈ ਰਾਹੀਂ ਇਤਿਹਾਸ 'ਚ ਸਦਾ ਅਮਰ ਰਹਿਣਗੇ! ਐਸੇ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਸੱਚਖੰਡ ਵਾਸੀ ਮਰਹੂਮ ਵਿਦਵਾਨ ਸ੍ਰ. ਪਾਲ ਸਿੰਘ ਪੁਰੇਵਾਲ ਦੀ ਯਾਦਗਾਰੀ ਤਸਵੀਰ ਕੇਂਦਰੀ ਸਿੱਖ ਅਜਾਇਬ-ਘਰ 'ਚ ਲੱਗਣੀ ਚਾਹੀਦੀ ਹੈ!

ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐਸ ਏ, ਵਰਲਡ ਸਿੱਖ ਫੈਡਰੇਸ਼ਨ, ਸਿੰਘ ਸਭਾ ਅਮਰੀਕਾ, ਪੰਜਾਬੀ ਰੇਡੀਓ ਕਨੇਡਾ, ਮਿਸ਼ਨਰੀ ਸਰਕਲਾਂ ਦੇ ਸੇਵਕਾਂ ਅਵਤਾਰ ਸਿੰਘ ਮਿਸ਼ਨਰੀ, ਬੀਬੀ ਹਰਸਿਮਰਤ ਕੌਰ ਖ਼ਾਲਸਾ,ਸ੍ਰ ਚਮਕੌਰ ਸਿੰਘ ਫਰਿਜਨੋ, ਡਾ ਗੁਰਦੀਪ ਸਿੰਘ ਹੋਮਿਓਪੈਥਿਕ, ਸ੍ਰ ਤ੍ਰਿਲੋਚਨ ਸਿੰਘ ਦੁਪਾਲਪੁਰ, ਫੌਂਡਰ ਪ੍ਰਿੰਸੀਪਲ ਸ੍ਰ ਜਸਬੀਰ ਸਿੰਘ ਰੋਪੜ, ਭਾਈ ਪ੍ਰਕਾਸ਼ ਸਿੰਘ ਫੀਰੋਜਪੁਰੀ ਤੇ ਜਸਵਿੰਦਰ ਸਿੰਘ ਇੰਡੀਆਨਾ, ਸ੍ਰ ਹਰਬਖਸ਼ ਸਿੰਘ ਰਾਓਕੇ, ਡਾ. ਗੁਰਮੀਤ ਸਿੰਘ ਬਰਸਾਲ.ਪ੍ਰੋ ਮੱਖਨ ਸਿੰਘ ਤੇ ਸ੍ਰ ਸਰਬਜੀਤ ਸਿੰਘ ਸੈਕਰਾਮੈਂਟੋ, ਸ੍ਰ. ਜਸਮਿੱਤਰ ਸਿੰਘ ਮੁਜੱਫਰਪੁਰ, ਸ਼ਬਦ ਸੱਚੀ ਟਕਸਾਲ ਦੇ ਸ੍ਰ ਜੁਗਰਾਜ ਸਿੰਘ ਤੇ ਭਾਈ ਸੁਖਦੇਵ ਸਿੰਘ ਪਹੂਵਿੰਡ ਸਾਰਿਆਂ ਵੱਲੋਂ ਸੱਚਖੰਡਵਾਸੀ ਸ੍ਰ ਪਾਲ ਸਿੰਘ ਪੁਰੇਵਾਲ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਦੇ ਹੋਏ ਕਾਮਨਾ ਕਰਦੇ ਹਾਂ ਕਿ ਸਤਿਗੁਰੂ ਉਨ੍ਹਾਂ ਦੇ ਸਰੀਰਕ ਵਿਛੋੜੇ ਦਾ ਪ੍ਰਵਾਰ, ਸਬੰਧੀਆਂ ਤੇ ਦੋਸਤਾਂ ਮਿੱਤਰਾਂ ਸਭ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

Sidhu Homeopathic Clinic
Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Malkit Singh Sidhu
D.H.M.S. (Hons.)
drmsidhu2@gmail.com




Dr. Kirandeep Kaur Sidhu
D.H.M.S. (Pb.)
drksidhu70@gmail.com
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

www.accuraterailing.com
AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures
* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars
* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ
For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ


# ਰੈਫਰੈਂਡਮ:ਸਿੱਖਸ ਫਾਰ ਜਸਟਿਸ ਦੀ ਕੈਨੇਡਾ ਵਿਚ ਹੋਈ 'ਰਾਇਸ਼ੁਮਾਰੀ' ਨੂੰ ਕਿੰਨਾ ਗੰਭੀਰ ਮੰਨਦੇ ਹਨ ਕੈਨੇਡੀਅਨ ਪੰਜਾਬੀ

ਟਰੰਟੋ (ਮਾਨਸੀ ਦਾਸ਼ ਬੀਬੀਸੀ ਪੱਤਰਕਾਰ) ਕੈਨੇਡਾ 'ਚ ਵੱਡੀ ਗਿਣਤੀ 'ਚ ਸਿੱਖ ਵਸਦੇ ਹਨ। 18 ਸਤੰਬਰ ਨੂੰ ਓਨਟਾਰੀਓ ਦੇ ਬਰੈਂਪਟਨ ਵਿਖੇ ਸਿੱਖਸ ਫ਼ਾਰ ਜਸਟਿਸ ਨਾਮਕ ਖਾਲਿਸਤਾਨ ਪੱਖੀ ਸਮੂਹ ਨੇ 'ਖਾਲਿਸਤਾਨ ਰੈਫਰੈਂਡਮ' ਕਰਵਾਇਆ। ਪਿਛਲੇ ਦਿਨੀਂ ਲੋਕਾਂ ਨੇ ਇਸ ਸਭ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵੀ ਸਾਂਝੀਆਂ ਕੀਤੀਆਂ ਸਨ। ਇਸ ਤੋਂ ਪਹਿਲਾਂ ਕੈਨੇਡਾ ਦੇ ਕੁਝ ਇਲਾਕਿਆਂ ਤੋਂ ਹਿੰਸਾ ਦੀਆਂ ਖ਼ਬਰਾਂ ਆਈਆਂ ਸਨ, ਜਿਸ ਤੋਂ ਬਾਅਦ ਵਿਦੇਸ਼ ਮੰਤਰਾਲੇ ਨੇ ਕੈਨੇਡਾ ਰਹਿ ਰਹੇ ਭਾਰਤੀਆਂ ਅਤੇ ਵਿਦਿਆਰਥੀਆਂ ਨੂੰ ਚੇਤਾਵਨੀ ਜਾਰੀ ਕਰਦਿਆਂ ਲੋਕਾਂ ਨੂੰ ਚੌਕਸ ਰਹਿਣ ਦੀ ਹਦਾਇਤ ਕੀਤੀ ਸੀ। ਭਾਵੇਂਕਿ ਭਾਰਤੀ ਪੰਜਾਬ ਵਿਚ ਖ਼ੁਦਮੁਖਤਿਆਰ ਮੁਲਕ ਬਣਾਉਣ ਲਈ ਕਰਵਾਈ ਗਈ ਇਸ ਗੈਰ ਸਰਕਾਰੀ 'ਰਾਇਸ਼ੁਮਾਰੀ' ਬਾਰੇ ਬਾਰੇ ਕੈਨੇਡਾ 'ਚ ਰਹਿੰਦੇ ਸਿੱਖਾਂ ਦੀ ਵੱਖੋ-ਵੱਖ ਹੈ। ਕੈਨੇਡੀਅਨ ਸਿੱਖ ਭਾਈਚਾਰੇ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਇੱਕ ਵੱਡੇ ਤਬਕੇ ਲਈ ਇਹ ਸਭ ਦਿਖਾਵਾ ਹੈ। ਜਦਕਿ 'ਰਾਇਸ਼ੁਮਾਰੀ' ਕਰਵਾਉਣ ਵਾਲੇ ਸਮੂਹ ਦਾ ਦਾਅਵਾ ਹੈ ਕਿ ਤਕਰੀਬਨ ਇੱਕ ਲੱਖ ਲੋਕਾਂ ਨੇ ਇਸ 'ਚ ਹਿੱਸਾ ਲਿਆ ਹੈ। ਦੂਜੇ ਪਾਸੇ ਭਾਰਤ ਸਰਕਾਰ ਵੱਲੋਂ ਦਿੱਤੀ ਗਈ ਚੇਤਾਵਨੀ ਨੂੰ ਸਿੱਖਸ ਫ਼ਾਰ ਜਸਟਿਸ ਨੇ "ਕੈਨੇਡਾ 'ਚ ਵਸਦੇ ਸਿੱਖਾਂ ਅਤੇ ਪੰਜਾਬ ਦੀ ਆਜ਼ਾਦੀ ਦਾ ਸਮਰਥਨ ਕਰਨ ਵਾਲਿਆਂ ਦੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਕਰਾਰ ਦਿੱਤਾ ਹੈ। ਇੰਡੀਆਨ ਐਕਸਪ੍ਰੈਸ ਅਨੁਸਾਰ 'ਰਾਇਸ਼ੁਮਾਰੀ' ਕਰਵਾਉਣ ਵਾਲੇ ਸਿੱਖਸ ਫ਼ਾਰ ਜਸਟਿਸ ਸਮੂਹ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਦਾ ਕਹਿਣਾ ਹੈ, "ਮੋਦੀ ਸਰਕਾਰ ਕੂਟਨੀਤਕ ਤਰੀਕਿਆਂ ਨਾਲ ਰਾਇਸ਼ੁਮਾਰੀ ਕਰਵਾਉਣ ਨੂੰ ਰੋਕਣ 'ਚ ਅਸਫ਼ਲ ਰਹੀ ਹੈ, ਜਿਸ ਤੋਂ ਬਾਅਦ ਵਿਦੇਸ਼ ਮੰਤਰਾਲਾ ਨਫ਼ਰਤ ਦਾ ਮਾਹੌਲ ਪੈਦਾ ਕਰ ਰਿਹਾ ਹੈ।"ਇੰਡੀਪੈਂਡੈਂਟ 'ਚ ਪ੍ਰਕਾਸ਼ਿਤ ਹੋਈ ਇੱਕ ਰਿਪੋਰਟ ਅਨੁਸਾਰ ਕੈਨੇਡਾ ਦੇ ਅਧਿਕਾਰੀਆਂ ਨੇ ਇਸ ਨੂੰ ਪ੍ਰਗਟਾਵੇ ਦੀ ਆਜ਼ਾਦੀ ਕਰਾਰ ਦਿੱਤਾ ਹੈ। ਪਰ ਭਾਰਤ ਨੇ ਕੈਨੇਡਾ ਰਹਿੰਦੇ ਭਾਰਤੀਆਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ, " ਕੈਨੇਡਾ 'ਚ ਪਿਛਲੇ ਕੁਝ ਸਮੇਂ ਤੋਂ ਭਾਰਤ ਵਿਰੋਧੀ ਗਤੀਵਿਧੀਆਂ, ਨਫ਼ਰਤੀ ਅਪਰਾਧ ਅਤੇ ਨਸਲੀ ਹਿੰਸਾ 'ਚ ਵਾਧਾ ਦਰਜ ਕੀਤਾ ਗਿਆ ਹੈ", ਜਿਸ ਦੇ ਮੱਦੇਨਜ਼ਰ ਲੋਕਾਂ ਨੂੰ ' ਵਧੇਰੇ ਸੁਚੇਤ' ਰਹਿਣਾ ਚਾਹੀਦਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ 22 ਸਤੰਬਰ ਨੂੰ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, "ਇਹ ਕਥਿਤ ਰਾਇਸ਼ੁਮਾਰੀ ਪੂਰੀ ਤਰ੍ਹਾਂ ਨਾਲ ਹਾਸੋਹੀਣਾ ਕਾਰਜ ਹੈ, ਇਹ ਕੱਟੜਪੰਥੀ ਸਮੂਹਾਂ ਦੀ ਕੋਸ਼ਿਸ਼ ਸੀ, ਕੂਟਨੀਤਕ ਪੱਧਰ 'ਤੇ ਇਸ ਮਾਮਲੇ ਸਬੰਧੀ ਕੈਨੇਡਾ ਸਰਕਾਰ ਨਾਲ ਗੱਲਬਾਤ ਚੱਲ ਰਹੀ ਹੈ। ਕੈਨੇਡਾ ਸਰਕਾਰ ਨੇ ਕਿਹਾ ਹੈ ਕਿ ਉਹ ਭਾਰਤ ਦੀ ਪ੍ਰਭੂਸੱਤਾ ਅਤੇ ਏਕਤਾ ਦਾ ਸਮਰਥਨ ਕਰਦੀ ਹੈ ਅਤੇ ਇਸ ਕਥਿਤ ਰਾਇਸ਼ੁਮਾਰੀ ਨੂੰ ਮਾਨਤਾ ਨਹੀਂ ਦੇਵੇਗੀ।"ਬਾਗਚੀ ਨੇ ਅੱਗੇ ਇਹ ਵੀ ਕਿਹਾ ਕਿ ਭਾਰਤ ਸਰਕਾਰ ਨੇ "ਭਾਰਤ ਦੇ ਮਿੱਤਰ ਦੇਸ਼ 'ਚ ਕੱਟੜਪੰਥੀ ਸਮੂਹ ਰਾਜਨੀਤੀ ਤੋਂ ਪ੍ਰੇਰਿਤ ਘਟਨਾ ਨੂੰ ਅੰਜਾਮ ਦੇਣ' 'ਤੇ ਇਤਰਾਜ਼ ਜਤਾਇਆ ਹੈ। ਭਾਰਤ ਸਰਕਾਰ ਇਸ ਮਾਮਲੇ 'ਚ ਕੈਨੇਡਾ ਸਰਕਾਰ ਨਾਲ ਗੱਲਬਾਤ ਜਾਰੀ ਰੱਖੇਗੀ। ਇਸ ਤੋਂ ਇੱਕ ਦਿਨ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਨੇ 23 ਸਤੰਬਰ ਨੂੰ ਇੱਕ ਬਿਆਨ ਜਾਰੀ ਕਰਦਿਆਂ ਕਿਹਾ, "ਭਾਰਤ ਵਿਰੋਧੀ ਗਤੀਵਿਧੀਆਂ, ਨਫ਼ਰਤੀ ਅਪਰਾਧ ਅਤੇ ਸਮੂਹਾਂ ਦਰਮਿਆਨ ਹਿੰਸਾ ਦੇ ਵੱਧ ਰਹੇ ਮਾਮਲਿਆਂ ਨੂੰ ਲੈ ਕੇ ਸਰਕਾਰ ਕੈਨੇਡਾ 'ਚ ਅਧਿਕਾਰੀਆਂ ਨਾਲ ਸੰਪਰਕ 'ਚ ਹੈ।"ਵਿਦੇਸ਼ ਮੰਤਰਾਲੇ ਨੇ ਕੈਨੇਡਾ 'ਚ ਮੌਜੂਦ ਭਾਰਤੀ ਸਫ਼ਾਰਤਖਾਨੇ ਅਤੇ ਭਾਰਤੀ ਕੌਂਸਲੇਟ ਦੇ ਅਧਿਕਾਰੀਆਂ ਨੂੰ ਇਨ੍ਹਾਂ ਅਪਰਾਧਾਂ ਦੀ ਜਾਂਚ ਕਰਨ ਕਰਕੇ ਬਣਦੀ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ। ਕੈਨੇਡਾ ਦੇ ਟੋਰਾਂਟੋ ਸ਼ਹਿਰ 'ਚ ਰਹਿਣ ਵਾਲੇ ਸੀਨੀਅਰ ਪੱਤਰਕਾਰ ਅਤੇ ਲੇਖਕ ਸ਼ਮੀਲ ਦਾ ਕਹਿਣਾ ਹੈ ਕਿ ਪ੍ਰਬੰਧਕ ਇਸ ਨੂੰ 'ਰਾਇਸ਼ੁਮਾਰੀ' ਕਹਿ ਰਹੇ ਹਨ ਪਰ ਮੇਰੇ ਖਿਆਲ 'ਚ ਇਸ ਨੂੰ 'ਰਾਇਸ਼ੁਮਾਰੀ' ਕਹਿਣਾ ਗਲਤ ਹੈ, ਇਸ ਨੂੰ ਤਾਂ ਪਟੀਸ਼ਨ ਕਿਹਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਕਹਿਣਾ ਵੀ ਸਹੀ ਨਹੀਂ ਹੋਵੇਗਾ ਕਿ ਇਸ ਬਾਰੇ ਇੱਥੇ ਬਹੁਤ ਜ਼ਿਆਦਾ ਸਮਰਥਨ ਹੈ।"ਜੇਕਰ ਭਾਰਤ 'ਚ ਖਾਲਿਸਤਾਨ ਬਣਾਉਣ ਦੀ ਮੰਗ ਹੈ ਤਾਂ ਇਸ ਲਈ 'ਰਾਇਸ਼ੁਮਾਰੀ' ਇੱਥੇ ਨਹੀਂ ਬਲਕਿ ਭਾਰਤ 'ਚ ਕੀਤੀ ਜਾਣੀ ਚਾਹੀਦੀ ਹੈ। ਜਿਹੜੇ ਲੋਕ ਕੈਨੇਡਾ ਆ ਕੇ ਵੱਸ ਚੁੱਕੇ ਹਨ, ਉਹ ਹੁਣ ਭਾਰਤ ਵਾਪਸ ਜਾ ਕੇ ਮੁੜ ਵਸਣਾ ਨਹੀਂ ਚਾਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਇਸ ਸਭ 'ਚ ਘੜੀਸਣ ਦਾ ਕੋਈ ਫਾਇਦਾ ਨਹੀਂ ਹੈ।"ਕੈਨੇਡਾ ਦੇ ਵੈਨਕੂਵਰ ਵਿਚ ਰਹਿੰਦੇ ਸੀਨੀਅਰ ਪੱਤਰਕਾਰ ਗੁਰਪ੍ਰੀਤ ਸਿੰਘ ਇਸ ਗੱਲ ਨਾਲ ਸਹਿਮਤ ਹਨ।"ਕੈਨੇਡਾ 'ਚ ਵੱਖਰੀ ਰਾਇ ਰੱਖਣ ਨੂੰ ਉਦੋਂ ਤੱਕ ਗੈਰ-ਕਾਨੂੰਨੀ ਨਹੀਂ ਮੰਨਿਆ ਜਾਂਦਾ ਹੈ ਜਦੋਂ ਤੱਕ ਇਸ ਨੂੰ ਲੈ ਕੇ ਕਿਸੇ ਭਾਈਚਾਰੇ 'ਤੇ ਹਮਲਾ ਨਹੀਂ ਹੁੰਦਾ ਹੈ ਜਾਂ ਹਿੰਸਾ ਨਹੀਂ ਹੁੰਦੀ ਹੈ। ਇੱਥੇ ਵੱਖਰੀ ਸਿਆਸੀ ਰਾਇ ਰੱਖਣਾ ਆਮ ਗੱਲ ਹੈ ਅਤੇ ਸਰਕਾਰ ਇਸ ਦਾ ਸਨਮਾਨ ਕਰਦੀ ਹੈ।"ਉਨ੍ਹਾਂ ਦਾ ਕਹਿਣਾ ਹੈ, "ਕੈਨੇਡਾ 'ਚ ਕਿਸੇ ਵੀ ਸੂਬੇ ਨੂੰ ਆਪਣੇ ਭਵਿੱਖ ਨੂੰ ਧਿਆਨ 'ਚ ਰੱਖ ਕੇ 'ਰਾਇਸ਼ੁਮਾਰੀ' ਕਰਵਾਉਣ ਦਾ ਅਧਿਕਾਰ ਹੈ। ਇੱਥੋਂ ਦੀ ਸਰਕਾਰ ਅਜਿਹੇ ਮਾਮਲਿਆਂ 'ਚ ਦਖਲ ਨਹੀਂ ਦਿੰਦੀ ਹੈ। ਉਦਾਹਰਣ ਵਜੋਂ ਇੱਥੋਂ ਦਾ ਕਿਊਬੈਕ ਸੂਬਾ ਕਈ ਵਾਰ ਅਜਿਹੀ ਮੰਗ ਰੱਖ ਚੁੱਕਾ ਹੈ। ਹਾਲਾਂਕਿ ਸਰਕਾਰ ਵਾਰ-ਵਾਰ ਇਹ ਜ਼ਰੂਰ ਸਪੱਸ਼ਟ ਕਰਦੀ ਰਹੀ ਹੈ ਕਿ ਖਾਲਿਸਤਾਨ ਜਾਂ ਕਿਸੇ ਵੀ ਅੰਦੋਲਨ ਦੇ ਨਾਂ 'ਤੇ ਕਿਸੇ ਵੀ ਤਰ੍ਹਾਂ ਦੀ ਹਿੰਸਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।"ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕਿਹਾ ਸੀ ਕਿ ਜੇਕਰ ਕੋਈ ਹਿੰਸਾ ਰਾਹੀਂ ਆਪਣੀਆਂ ਮੰਗਾਂ ਮਨਵਾਉਣਾ ਚਾਹੁੰਦਾ ਹੈ ਤਾਂ ਉਸ ਦਾ ਸਮਰਥਨ ਨਹੀਂ ਕੀਤਾ ਜਾਵੇਗਾ। ਪਰ ਜੇਕਰ ਕੋਈ ਗੱਲਬਾਤ ਜ਼ਰੀਏ ਜਮਹੂਰੀ ਢੰਗ ਨਾਲ ਆਪਣੀ





ਮੰਗ ਰੱਖਦਾ ਹੈ ਤਾਂ ਸਰਕਾਰ ਇਸ 'ਚ ਦਖ਼ਲ ਨਹੀਂ ਦੇਵੇਗੀ ਅਤੇ 'ਰਾਇਸ਼ੁਮਾਰੀ' ਆਪਣੇ ਆਪ 'ਚ ਹੀ ਇੱਕ ਲੋਕਤੰਤਰੀ ਪ੍ਰਕਿਰਿਆ ਹੈ। ਗੁਰਪ੍ਰੀਤ ਸਿੰਘ ਦਾ ਕਹਿਣਾ ਹੈ, "ਪਿਛਲੇ ਹਫ਼ਤੇ ਜੋ ਕੁਝ ਵੀ ਹੋਇਆ, ਉਸ ਕਰਕੇ ਭਾਰਤ ਸਰਕਾਰ ਤਾਂ ਗੁੱਸੇ 'ਚ ਹੈ ਹੀ, ਇਸ ਦੇ ਨਾਲ ਹੀ ਇੱਥੋਂ ਦੇ ਸਿੱਖ ਭਾਈਚਾਰੇ 'ਚ ਵੀ ਹਲਚਲ ਹੈ। ਪਰ ਇਕ ਸਵਾਲ ਇਹ ਵੀ ਉੱਠ ਰਿਹਾ ਹੈ ਕਿ ਭਾਰਤ 'ਚ ਕਈ ਨਫ਼ਰਤੀ ਅਪਰਾਧ ਹੋ ਰਹੇ ਹਨ ਅਤੇ ਭਾਰਤ ਸਰਕਾਰ ਉਨ੍ਹਾਂ ਮਾਮਲਿਆਂ 'ਚ ਕੁਝ ਵੀ ਨਹੀਂ ਕਰ ਰਹੀ ਹੈ ਤਾਂ ਇਸ ਤਰ੍ਹਾਂ ਦੇ ਬਿਰਤਾਂਤ ਪਿੱਛੇ ਕੀ ਮਨੋਰਥ ਹੋ ਸਕਦਾ ਹੈ ?"ਗੁਰਪ੍ਰੀਤ ਸਿੰਘ ਖ਼ਾਲਿਸਤਾਨ ਲਹਿਰ ਦਾ ਵਿਰੋਧ ਕਰਨ ਵਾਲੇ ਕਾਮਰੇਡ ਦਰਸ਼ਨ ਸਿੰਘ ਨੂੰ ਯਾਦ ਕਰਦੇ ਹੋਏ ਕਹਿੰਦੇ ਹਨ , "ਇਹ ਲਹਿਰ ਕਦੇ ਵੀ ਮਸ਼ਹੂਰ ਨਹੀਂ ਸੀ। ਪੰਜਾਬ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਹੈ ਅਤੇ ਇਸ ਨੂੰ ਲੈ ਕੇ ਕਈ ਕਤਲ ਵੀ ਹੋਏ ਹਨ।" "ਮਿਸਾਲ ਵਜੋਂ ਤੁਸੀਂ ਵੇਖ ਸਕਦੇ ਹੋ ਕਿ ਜਦੋਂ ਆਮ ਆਦਮੀ ਪਾਰਟੀ ਨੇ ਪੰਜਾਬ ਚੋਣਾਂ ਜਿੱਤੀਆਂ ਸਨ ਤਾਂ ਉਸ ਤੋਂ ਪਹਿਲਾਂ ☞


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration



New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654



# 1393 - 20800 - WESTMINSTER HWY, RICHMOND, BC
Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਮਹੀਨਾਵਾਰ ਕਵੀ ਦਰਬਾਰ ਹੋਇਆ



ਸਰੀ(ਹਰਚੰਦ ਸਿੰਘ ਅੱਚਰਵਾਲ) ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰ੍ਹੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ 25 ਸਤੰਬਰ 2022 ਦਿਨ ਐਤਵਾਰ ਨੂੰ ਓਪਰਲੇ ਖਚਾਖਚ ਭਰੇ ਹਾਲ ਵਿੱਚ ਠੀਕ 12.30 ਵਜੇ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਸਜਿਆ। ਜਿੰਨ੍ਹਾਂ ਕਵੀਆਂ ਨੇ ਭਾਗ ਲਿਆ, ਉਹਨਾਂ ਵਿੱਚ ਦਰਸ਼ਨ ਸਿੰਘ ਅਟਵਾਲ, ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਰਣਜੀਤ ਸਿੰਘ ਨਿੱਝਰ, , ਗੁਰਮੀਤ ਕਾਲਕਟ, ਗੁਰਬਚਨ ਸਿੰਘ ਬਰਾੜ, ਗੁਰਮੀਤ ਸਿੰਘ ਸੇਖੋਂ, ਬਲਬੀਰ ਸਿੰਘ ਸੰਘਾ, ਚਮਕੌਰ ਸਿੰਘ ਔਲਖ, ਅਵਤਾਰ ਸਿੰਘ ਬਰਾੜ, ਰਣਜੀਤ ਸਿੰਘ ਨਿੱਝਰ, ਜਰਨੈਲ ਸਿੰਘ ਪੰਨੇਸਰ, ਗੁਰਦਰਸ਼ਨ ਬਾਦਲ, ਸੀਤਾ ਰਾਮ ਆਹੀਰ ਤੇ ਸੰਤੋਖ ਸਿੰਘ ਸੰਘਾ, ਬਲਬੀਰ ਸਿੰਘ ਢਿੱਲੋ, ਮਨਜੀਤ ਸਿੰਘ ਮੱਲਾ, ਗੁਰਦਿਆਲ ਸਿੰਘ ਜੋਹਲ ਆਦਿ ਕਵੀਆਂ ਨੇ ਖੂਬ ਰੰਗ ਬੰਨ੍ਹਿਆ। ਸਟੇਜ ਸਕੱਤਰ ਦੀ ਜਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚੱ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਵਿਸ਼ੇਸ ਤੋਰ ਤੇ ਅਪੀਲ ਕੀਤੀ ਕਿ ਅੱਗੇ ਤੋ ਹਰ ਮਹੀਨੇ ਦੇ ਆਖਰੀ ਐਤਵਾਰ ਕਵੀ ਦਰਬਾਰ ਠੀਕ 12.30 ਵਜੇ ਸੁਰੂ ਹੋ ਜਾਇਆ ਕਰੇਗਾ। ਚਾਹ ਪਾਣੀ ਦੀ ਸੇਵਾ ਗੁਰਦਿਆਲ ਸਿੰਘ ਜੋਹਲ ਵੱਲੋ ਕੀਤੀ ਗਈ। ਸਾਰਾ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ। ਇਸਤੋ ਬਾਅਦ ਇੰਡੋ ਕਨੇਡੀਅਨ ਸੀਨੀਅਰ ਸੈਂਟਰ, ਸਰੀ-ਡੈਲਟਾ ਦੇ ਸਾਰੇ ਮੈਬਰਾਂ ਦੀ ਇਕ ਯਾਦਗਾਰੀ ਗਰੁੱਪ ਫੋਟੋ ਵੀ ਹੇਈ।

# ਲਾਲੂ ਅਤੇ ਸ਼ਤੀਸ਼ ਕੁਮਾਰ ਚਾਹੁੰਦੇ ਹਨ ਕਿ ਸੋਨੀਆ ਭਾਰਤ 'ਚ ਭਾਜਪਾ ਨੂੰ ਸੱਤਾ ਤੋਂ ਹਟਾਉਣ ਲਈ ਹੱਥ ਮਿਲਾਉਣ

ਨਵੀਂ ਦਿੱਲੀ- ਭਾਰਤ ਵਿੱਚ ਸੱਤਾਧਾਰੀ ਹਿੰਦੂਤਵ ਪਾਰਟੀਆਂ ਦੇ ਹੱਥੋਂ ਭਾਰਤ ਦੇ ਧਰਮ ਨਿਰਪੱਖ ਤਾਣੇ-ਬਾਣੇ ਨੂੰ ਬਹੁਤ ਖ਼ਤਰੇ ਦੇ ਮੱਦੇਨਜ਼ਰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਨੇ ਕਾਂਗਰਸ ਦੇ ਅੰਤਰਿਮ ਪ੍ਰਧਾਨ ਨਾਲ ਮੁਲਾਕਾਤ ਕੀਤੀ। ਸੋਨੀਆ ਗਾਂਧੀ ਨੇ ਨਵੀਂ ਦਿੱਲੀ ਵਿੱਚ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ 2024 ਦੀਆਂ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਨਾਲ ਲੈ ਕੇ ਅਗਵਾਈ ਕਰਨ। ਬਿਹਾਰ ਵਿੱਚ ਸਰਕਾਰ ਬਣਾਉਣ ਲਈ ਭਾਜਪਾ ਨਾਲੋਂ ਨਾਤਾ ਤੋੜਨ ਅਤੇ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਨਾਲ ਹੱਥ ਮਿਲਾਉਣ ਤੋਂ ਬਾਅਦ ਨਿਤੀਸ਼ ਕੁਮਾਰ ਦੀ ਗਾਂਧੀ ਨਾਲ ਇਹ ਪਹਿਲੀ ਮੁਲਾਕਾਤ ਸੀ। ਬੈਠਕ ਤੋਂ ਬਾਅਦ ਲਾਲੂ ਨੇ ਮੀਡੀਆ ਨੂੰ ਕਿਹਾ, ''ਸਾਨੂੰ ਭਾਜਪਾ ਨੂੰ ਹਰਾਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਨਾਲ ਲਿਆਉਣਾ ਹੋਵੇਗਾ। ਸੋਨੀਆ ਗਾਂਧੀ ਨੇ ਸਾਨੂੰ ਕਿਹਾ ਕਿ ਅਸੀਂ ਦੁਬਾਰਾ ਮਿਲਾਂਗੇ। ਦੇਸ਼ ਦੀ ਸਥਿਤੀ ਨੂੰ "ਕਾਫੀ ਚਿੰਤਾਜਨਕ" ਦੱਸਦੇ ਹੋਏ ਉਨ੍ਹਾਂ ਕਿਹਾ ਕਿ ਕੇਂਦਰ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। "ਅਸੀਂ ਬਿਹਾਰ ਵਿੱਚ ਇਕੱਠੇ ਹੋਏ ਅਤੇ ਭਾਜਪਾ ਨੂੰ ਸੱਤਾ ਤੋਂ ਬਾਹਰ ਕੀਤਾ। ਅਸੀਂ ਸਾਰੇ ਇਕੱਠੇ ਆਵਾਂਗੇ ਅਤੇ ਭਾਰਤ ਵਿੱਚ ਭਾਜਪਾ ਨੂੰ ਬੇਦਖਲ ਕਰ ਦਿਆਂਗੇ।



☞ ਕਿਆਸ ਲਗਾਏ ਜਾ ਰਹੇ ਸਨ ਕਿ ਸ਼ਾਇਦ ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ ਨੂੰ ਵੱਡੀ ਗਿਣਤੀ 'ਚ ਵੋਟ ਮਿਲਣਗੇ ਪਰ ਅਜਿਹਾ ਨਹੀਂ ਹੋਇਆ। ਹਾਂ, ਸੰਗਰੂਰ ਜ਼ਿਮਨੀ ਚੋਣਾਂ 'ਚ ਉਨ੍ਹਾਂ ਦੀ ਜਿੱਤ ਦੇ ਕਈ ਕਾਰਨ ਹਨ। ਲੋਕ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਖੁਸ਼ ਨਹੀਂ ਸਨ ਅਤੇ ਵਿਰੋਧੀ ਧਿਰ ਇੱਕਜੁੱਟ ਹੋ ਗਏ, ਜਿਸ ਦਾ ਫਾਇਦਾ ਉਨ੍ਹਾਂ ਨੂੰ ਹੋਇਆ। ਅਮਰੀਕਾ ਤੋਂ ਕੰਮ ਕਰਨ ਵਾਲੇ ਸਿੱਖਸ ਫ਼ਾਰ ਜਸਟਿਸ ਨਾਮ ਦੇ ਇਸ ਸਮੂਹ 'ਤੇ ਭਾਰਤ ਸਰਕਾਰ ਨੇ 10 ਜੁਲਾਈ, 2019 ਨੂੰ ਵੱਖਵਾਦੀ ਏਜੰਡੇ ਤਹਿਤ ਕੰਮ ਕਰਨ ਕਰਕੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਇੱਕ ਸਾਲ ਬਾਅਦ 2020 'ਚ ਭਾਰਤ ਸਰਕਾਰ ਨੇ ਖ਼ਾਲਿਸਤਾਨੀ ਸਮੂਹਾਂ ਨਾਲ ਜੁੜੇ 9 ਲੋਕਾਂ ਨੂੰ ਅੱਤਵਾਦੀ ਐਲਾਨਿਆ ਸੀ ਅਤੇ ਖਾਲਿਸਤਾਨ ਪੱਖੀ ਤਕਰੀਬਨ 40 ਵੈੱਬਸਾਈਟਾਂ ਨੂੰ ਬੰਦ ਕਰ ਦਿੱਤਾ ਸੀ। ਸਿੱਖਸ ਫ਼ਾਰ ਜਸਟਿਸ ਨੇ ਕੈਨੇਡਾ ਤੋਂ ਪਹਿਲਾਂ ਹੋਰ ਵੀ ਕਈ ਥਾਵਾਂ 'ਤੇ 'ਰਾਇਸ਼ੁਮਾਰੀ' ਕਰਵਾਉਣ ਦੇ ਯਤਨ ਕੀਤੇ ਹਨ। ਇਸ ਗਰੁੱਪ ਅਨੁਸਾਰ ਉਸ ਦਾ ਉਦੇਸ਼ ਭਾਰਤ ਅੰਦਰ ਸਿੱਖਾਂ ਲਈ ਇੱਕ ਖੁਦਮੁਖਤਿਆਰ ਮੁਲਕ ਦੀ ਹੋਂਦ ਕਾਇਮ ਕਰਨਾ ਹੈ। ਜਿਸ ਲਈ ਉਹ ਸਿੱਖ ਭਾਈਚਾਰੇ ਦੇ ਲੋਕਾਂ ਤੋਂ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਿੱਖਸ ਫ਼ਾਰ ਜਸਟਿਸ ਨਾਮਕ ਗਰੁੱਪ ਸਾਲ 2007 'ਚ ਅਮਰੀਕਾ ਵਿਖੇ ਬਣਿਆ ਸੀ। ਇਸ ਦਾ ਪ੍ਰਮੁੱਖ ਚਿਹਰਾ ਗੁਰਪਤਵੰਤ ਸਿੰਘ ਪੰਨੂ ਹੈ, ਜੋ ਕਿ ਪੰਜਾਬ ਯੂਨੀਵਰਸਿਟੀ ਤੋਂ ਲਾਅ 'ਚ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਅਮਰੀਕਾ 'ਚ ਵਕਾਲਤ ਕਰ ਰਹੇ ਹਨ। ਉਹ ਗਰੁੱਪ ਦੇ ਕਾਨੂੰਨੀ ਸਲਾਹਕਾਰ ਵੀ ਹਨ। ਉਨ੍ਹਾਂ ਨੇ ਖਾਲਿਸਤਾਨ ਦੇ ਸਮਰਥਨ 'ਚ 'ਰੈਫਰੈਂਡਮ 2020' ਕਰਵਾਉਣ ਦੀ ਮੁਹਿੰਮ ਸ਼ੁਰ ਕੀਤੀ। ਪੰਨੂੰ ਪਹਿਲਾਂ ਵੀ ਕਹਿੰਦੇ ਰਹੇ ਹਨ ਕਿ ਅਗਸਤ 2018 'ਚ ਜਥੇਬੰਦੀ ਦੇ ਲੰਡਨ ਐਲਾਨਨਾਮੇ 'ਚ ਕਿਹਾ ਗਿਆ ਸੀ ਕਿ ਉਹ ਦੁਨੀਆ ਭਰ 'ਚ ਵਸਦੇ ਸਿੱਖਾਂ ਤੋਂ ਖ਼ਾਲਿਸਤਾਨ ਦੇ ਹੱਕ 'ਚ 'ਰਾਇਸ਼ੁਮਾਰੀ' ਕਰਵਾਉਣਗੇ। 2020 'ਚ ਸੰਗਠਨ ਨੇ ਭਾਰਤ ਦੇ ਪੰਜਾਬ ਸਮੇਤ ਉੱਤਰੀ ਅਮਰੀਕਾ, ਯੂਰਪ, ਆਸਟਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਫਿਲੀਪੀਨਜ਼, ਸਿੰਗਾਪੁਰ, ਕੀਨੀਆ ਅਤੇ ਮੱਧ ਪੂਰਬੀ ਦੇਸ਼ਾਂ 'ਚ 'ਰਾਇਸ਼ੁਮਾਰੀ' ਕਰਵਾਉਣ ਦਾ ਟੀਚਾ ਰੱਖਿਆ ਸੀ। ਇਸ ਤੋਂ ਬਾਅਦ ਸੰਗਠਨ ਆਪਣੇ ਉਦੇਸ਼ ਦੀ ਪੂਰਤੀ ਲਈ ਸੰਯੁਕਤ ਰਾਸ਼ਟਰ ਦਾ ਦਰਵਾਜ਼ਾ ਖੜਕਾਏਗਾ। ਭਾਰਤ ਵਿਚ ਇਨ੍ਹਾਂ ਦੇ ਏਜੰਡੇ ਨੂੰ ਭਾਰਤੀ ਏਜੰਸੀਆਂ ਨੇ ਨਾਕਾਮ ਕਰਨ ਦਿੱਤਾ। ਪੰਜਾਬ ਪੁਲਿਸ ਨੇ ਸਿੱਖ ਫਾਰ ਜਸਟਿਸ ਦੀਆਂ ਕਥਿਤ ਸਰਗਰਮੀਆਂ ਦਾ ਸਮਰਥਨ ਕਰਨ ਦੇ ਇਲਜ਼ਾਮ ਹੇਠ ਕਈ ਲੋਕਾਂ ਦੀਆਂ ਗ੍ਰਿਫ਼ਤਾਰੀਆਂ ਵੀ ਕੀਤੀਆਂ ਹਨ। ਸਿੱਖ ਫਾਰ ਜਸਟਿਸ ਪੰਜਾਬ ਵਿਚ ਗਤੀਵਿਧੀਆਂ ਦਾ ਸੱਦਾ ਦਿੰਦਾ ਰਿਹਾ ਹੈ। ਜਿਵੇਂ 15 ਅਗਸਤ ਜਾਂ 26 ਜਨਵਰੀ ਨੂੰ ਕੌਮੀ ਯਾਦਗਾਰਾਂ ਜਾਂ ਸਰਕਾਰੀ ਇਮਰਤਾਂ ਉੱਤੇ ਖਾਲਿਸਤਾਨੀ ਝੰਡੇ ਲਹਿਰਾਉਣਾ ਆਦਿ।





AMAYA LIVING



60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year


PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਐਸਟੇਰਾਇਡ ਨਾਲ ਟਕਰਾਇਆ ਨਾਸਾ ਦਾ ਸਪੇਸਕ੍ਰਾਫਟ, ਧਰਤੀ ਨੂੰ ਬਚਾਉਣ ਦਾ ਪ੍ਰਯੋਗ ਹੋਇਆ ਸਫਲ

ਵਾਸਿੰਗਟਨ:ਅਮਰੀਕੀ ਪੁਲਾੜ ਏਜੰਸੀ ਨਾਸਾ ਵੱਲੋਂ ਧਰਤੀ ਨੂੰ ਭਵਿੱਖ ਦੇ ਕਿਸੇ ਵੀ ਉਲਕਾਪਿੰਡ ਤੋਂ ਬਚਾਉਣ ਲਈ ਕੀਤਾ ਗਿਆ ਪ੍ਰੀਖਣ ਸਫਲ ਰਿਹਾ ਹੈ। ਇਤਿਹਾਸ ਵਿੱਚ ਪਹਿਲੀ ਵਾਰ ਇੱਕ ਪਲੈਨੇਟਰੀ ਡਿਫੈਂਸ ਟੈਸਟ, ਜਿਸ ਨੂੰ ਡਾਰਟ ਮਿਸ਼ਨ ਦਾ ਨਾਮ ਦਿੱਤਾ ਗਿਆ ਸੀ, ਸਫਲਤਾਪੂਰਵਕ ਪੂਰਾ ਕੀਤਾ ਗਿਆ। ਹੁਣ ਭਵਿੱਖ 'ਚ ਜੇਕਰ ਧਰਤੀ 'ਤੇ ਕਿਸੇ ਵੀ ਤਰ੍ਹਾਂ ਦਾ ਟਕਰਾਉਣ ਦਾ ਖਤਰਾ ਹੈ ਤਾਂ ਇਹ ਅਨੋਖੀ ਤਕਨੀਕ ਧਰਤੀ ਨੂੰ ਬਚਾ ਸਕਦੀ ਹੈ।ਮਹੱਤਵਪੂਰਨ ਗੱਲ ਇਹ ਹੈ ਕਿ ਸਾਡੀ ਧਰਤੀ ਦੇ ਆਲੇ-ਦੁਆਲੇ 1000 ਤੋਂ ਵੱਧ ਵੱਡੇ-ਵੱਡੇ ਪੱਥਰ ਘੁੰਮ ਰਹੇ ਹਨ, ਜੋ ਕਿਸੇ ਵੀ ਸਮੇਂ ਧਰਤੀ ਲਈ ਖ਼ਤਰਾ ਸਾਬਤ ਹੋ ਸਕਦੇ ਹਨ। ਇਨ੍ਹਾਂ ਵਿਸ਼ਾਲ ਪੱਥਰ ਦੀਆਂ ਚੱਟਾਨਾਂ ਨੂੰ ਮੀਟੋਰਾਈਟਸ ਕਿਹਾ ਜਾਂਦਾ ਹੈ।ਹੁਣ ਨਵੀਂ ਤਕਨੀਕ ਨਾਲ ਇਨਾ ਨੂੰ ਨਸ਼ਟ ਕੀਤਾ ਜਾ ਸਕਦਾ ਹੈ।



# ਯੂਪੀ 'ਚ ਉੱਚ ਜਾਤੀ ਅਧਿਆਪਕ ਨੇ 10ਵੀਂ ਜਮਾਤ ਦੇ ਦਲਿਤ ਵਿਦਿਆਰਥੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ



ਲਖਨਊ:ਭਾਰਤ ਵਿੱਚ ਘੱਟ ਗਿਣਤੀਆਂ ਵਿਰੁੱਧ ਚੱਲ ਰਹੀ ਹਿੰਸਾ ਦੌਰਾਨ ਉੱਤਰ ਪ੍ਰਦੇਸ਼ ਦੇ ਔਰੈਯਾ ਵਿੱਚ ਆਦਰਸ਼ ਇੰਟਰਕਾਲਜ ਦੇ 10ਵੀਂ ਜਮਾਤ ਦੇ ਦਲਿਤ ਵਿਦਿਆਰਥੀ ਨੂੰ ਉੱਚ ਜਾਤੀ ਦੇ ਅਧਿਆਪਕ ਅਸ਼ਵਨੀ ਨੇ ਕੁੱਟ-ਕੁੱਟ ਕੇ ਮਾਰ ਦਿੱਤਾ।ਅਸ਼ਵਨੀ ਖ਼ਿਲਾਫ਼ ਅੱਚਲਦਾ ਥਾਣੇ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ ਅਤੇ ਮੁਲਜ਼ਮ ਫਰਾਰ ਹੈ।ਲੜਕੇ ਨੂੰ ਡਾਕਟਰੀ ਨਿਗਰਾਨੀ ਹੇਠ ਰੱਖਿਆ ਗਿਆ ਪਰ ਬਚਾਇਆ ਨਹੀਂ ਜਾ ਸਕਿਆ।

# ਮਹਿਬੂਬਾ ਮੁਫਤੀ ਨੇ ਭਾਰਤ ਸਰਕਾਰ ਤੇ ਲਾਇਆ ਵੱਡਾ ਇਲਜ਼ਾਮ

ਸ੍ਰੀਨਗਰ- ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਜੰਮੂ-ਕਸ਼ਮੀਰ 'ਚ ਸ਼੍ਰੀਨਗਰ-ਜੰਮੂ ਹਾਈਵੇਅ 'ਤੇ ਫਲਾਂ ਨਾਲ ਭਰੇ ਟਰੱਕਾਂ ਨੂੰ ਰੋਕਣ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਨਵੀਂ ਦਿੱਲੀ ਇਜ਼ਰਾਈਲ ਵਾਂਗ ਕਸ਼ਮੀਰੀ ਲੋਕਾਂ ਦੀ ਆਰਥਿਕਤਾ ਨੂੰ ਕੁਚਲ ਰਹੀ ਹੈ।

ਫਲਸਤੀਨੀਆਂ ਨਾਲ ਕੀਤਾ।ਪੀਡੀਪੀ ਮੁਖੀ ਨੇ ਕਿਹਾ ਕਿ ਬਾਗਬਾਨੀ ਨਾਲ ਜੁੜੇ ਲੋਕਾਂ ਨੇ ਕਰਜ਼ਾ ਲਿਆ ਹੋਇਆ ਹੈ ਅਤੇ ਜਦੋਂ ਉਨ੍ਹਾਂ ਦੀ ਫਸਲ, ਜੋ ਕਸ਼ਮੀਰ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਨੂੰ ਹਾਈਵੇਅ 'ਤੇ ਰੋਕ ਲਿਆ ਹੈ , ਤਾਂ ਉਤਪਾਦਕ ਆਪਣੇ ਕਰਜ਼ੇ ਕਿਵੇਂ ਅਦਾ ਕਰਨਗੇ?ਮਹਿਬੂਬਾ ਨੇ ਅੱਗੇ ਕਿਹਾ ਕਿ ਭਾਰਤ ਕਸ਼ਮੀਰੀਆਂ ਨੂੰ ਡਰਾਉਂਦਾ ਹੈ ਅਤੇ ਕਸ਼ਮੀਰ ਦੀ ਆਰਥਿਕਤਾ ਨੂੰ ਕੁਚਲਣ 'ਤੇ ਤੁਲਿਆ ਹੋਇਆ ਹੈ।ਇਹ ਮੋਦੀ ਸਰਕਾਰ ਬਿਲਕੁਲ ਉਹੀ ਕਰਦੀ ਹੈ ਜੋ ਯਹੂਦੀਆਂ/ਇਜ਼ਰਾਈਲ ਨੇ ਆਪਣੀ ਆਰਥਿਕਤਾ ਨੂੰ ਕੁਚਲਣ ਲਈ ਫਲਸਤੀਨੀਆਂ ਨਾਲ ਕੀਤਾ ਸੀ।


AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application





Call : 778-869-1097
By Appointment Only
#202-12677-80AVE SURREY



THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ








Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਸ. ਪਾਲ ਸਿੰਘ (ਪੁਰੇਵਾਲ)–ਮਹਾਨ ਸਿੱਖ ਫਿਲਾਸਫਰ ਦਾ ਦਿਹਾਂਤ
# ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨਾ ਹੀ ਉਨ੍ਹਾਂ ਨੂੰ ਅਸਲ ਸ਼ਰਧਾਂਜਲੀ ਹੈ

ਮੂਲ ਨਾਨਕਸ਼ਾਹੀ ਕੈਲੰਡਰ ਦੇ ਖੋਜੀ ਕੈਨੇਡੀਅਨ ਸਿੱਖ ਪਾਲ ਸਿੰਘ ਦਾ 22 ਸਤੰਬਰ, 2022 ਨੂੰ ਕੈਨੇਡਾ ਦੇ ਐਡਮਿੰਟਨ (ਅਲਬਰਟਾ)ਸ਼ਹਿਰ ਵਿੱਚ ਦੇਹਾਂਤ ਹੋ ਗਿਆ। ਉਸ ਦਾ ਜਨਮ 23 ਨਵੰਬਰ 1932 ਨੂੰ ਹੋਇਆ ਸੀ। ਉਹ 1960 ਦੇ ਦਹਾਕੇ ਦੇ ਸ਼ੁਰੂ ਵਿੱਚ ਕਸਬਾ ਸ਼ੰਕਰ (ਪੰਜਾਬ) ਦੇ ਸਰਕਾਰੀ ਹਾਈ ਸਕੂਲ ਵਿੱਚ ਸਾਇੰਸ ਅਧਿਆਪਕ ਸੀ। ਪੰਜਾਬ ਦੇ ਇਤਿਹਾਸ ਵਿੱਚ ਪਹਿਲਾ ਵਿਅਕਤੀ ਜੋ ਬਿਨਾਂ ਕਿਸੇ ਵਾਧੂ ਸਿਖਲਾਈ ਦੇ ਯੂ.ਕੇ. ਵਿੱਚ ਪੜ੍ਹਾਉਣ ਦੇ ਕਾਬਲ ਸੀ। ਉਹ 1965 ਵਿੱਚ ਯੂਕੇ ਆ ਗਏ ਅਤੇ ਟੈਕਸਾਸ ਇੰਸਟਰੂਮੈਂਟਸ ਵਿੱਚ ਇੱਕ ਸੀਨੀਅਰ ਇੰਜੀਨੀਅਰ ਵਜੋਂ ਕੰਮ ਕੀਤਾ। ਉਹ 1974 ਵਿੱਚ ਕੈਨੇਡਾ ਚਲੇ ਗਏ। ਉਸਨੇ 1960 ਦੇ ਦਹਾਕੇ ਤੋਂ ਸਿੱਖ ਕੈਲੰਡਰ ਦੀ ਪ੍ਰਮਾਣਿਕਤਾ ਨੂੰ ਸਥਾਪਿਤ ਕਰਨ ਲਈ ਵੱਖ-ਵੱਖ ਖੋਜ ਪੱਤਰ ਲਿਖੇ ਹਨ। ਉਹ ਇੱਕ ਇੰਜੀਨੀਅਰ, ਲੇਖਕ, ਵਿਦਵਾਨ ਅਤੇ ਇੱਕ ਅਧਿਆਪਕ ਸੀ।



ਉਸਦੇ ਦੋ ਪ੍ਰਮੁੱਖ ਪ੍ਰਕਾਸ਼ਨ ਹਨ ਪਹਿਲੀ ਜੰਤਰੀ 500 ਸਾਲ - ਸਿੱਖ ਕੈਲੰਡਰ 'ਤੇ ਵਿਸਤ੍ਰਿਤ ਖੋਜ ਜੋ , ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਨਵੰਬਰ 1994 ਵਿੱਚ ਪ੍ਰਕਾਸ਼ਿਤ ਕੀਤੀ ਗਈ। ਦੂਸਰੀ ਪ੍ਰਕਾਸ਼ਨ ਹਿਜਰੀ (ਮੁਸਲਿਮ) ਕੈਲੰਡਰ - ਇੱਕ ਕਿਤਾਬ ਜਿਸ ਲਈ ਉਸਨੂੰ 'ਲਾਈਫਟਾਈਮ ਅਚੀਵਮੈਂਟ' ਪੁਰਸਕਾਰ ਮਿਲਿਆ।

ਉਸਨੇ ਪੰਜਾਹ ਸਾਲਾਂ ਤੋਂ ਵੱਧ ਖੋਜ ਅਤੇ ਇਹ ਯਕੀਨੀ ਬਣਾਉਣ ਵਿੱਚ ਬਿਤਾਏ ਕਿ ਸਿੱਖਾਂ ਦਾ ਆਪਣਾ ਸੁਤੰਤਰ ਅਤੇ ਸਹੀ ਕੈਲੰਡਰ ਹੈ, ਅਸਲ ਵਿੱਚ ਉਹਨਾਂ ਦੀ ਵੱਖਰੀ ਧਾਰਮਿਕ ਵਿਰਾਸਤ ਨੂੰ ਹੋਰ ਵੀ ਵਜ਼ਨ ਅਤੇ ਭਰੋਸੇਯੋਗਤਾ ਪ੍ਰਦਾਨ ਕਰਦਾ ਹੈ। ਪਾਲ ਸਿੰਘ ਨੇ ਦੱਸਿਆ ਕਿ ਉਹ ਆਪਣੀ ਮਾਤਾ ਜੀ ਦੀ ਖਾਸ ਤਾਰੀਖਾਂ ਵਿੱਚ ਦਿਲਚਸਪੀ ਦੇ ਨਤੀਜੇ ਵਜੋਂ ਆਪਣੀ ਜਵਾਨੀ ਤੋਂ ਹੀ ਕੈਲੰਡਰ ਵਿਗਿਆਨ ਦੇ ਅਧਿਐਨ ਵਿੱਚ ਦਿਲਚਸਪੀ ਰੱਖਦਾ ਸੀ। ਉਸ ਨੇ ਨਾ ਸਿਰਫ਼ ਬਿਕਰਮੀ ਕੈਲੰਡਰ ਦਾ ਅਧਿਐਨ ਕੀਤਾ ਸਗੋਂ ਕੁਝ ਸਦੀਆਂ ਪੁਰਾਣੀਆਂ ਕਿਤਾਬਾਂ ਪੜ੍ਹੀਆਂ। ਕਿਉਂਕਿ ਉਸਦਾ ਗਣਿਤ ਦਾ ਪਿਛੋਕੜ ਸੀ, ਉਸਨੇ ਇੱਕ ਸਾਫਟਵੇਅਰ ਪ੍ਰੋਗਰਾਮ ਵਿਕਸਿਤ ਕੀਤਾ ਜੋ ਭਵਿੱਖ ਦੇ ਸਾਲਾਂ ਲਈ ਸਹੀ ਢੰਗ ਨਾਲ ਤਾਰੀਖਾਂ ਦੀ ਗਿਣਤੀ ਕਰਨ ਦੇ ਯੋਗ ਸੀ। ਇਹ ਵਿਲੱਖਣ ਕੈਲੰਡਰ ਰੁੱਤਾਂ ਅਤੇ ਬਾਰਾਂ ਮਹੀਨਿਆਂ ਦੇ ਆਲੇ ਦੁਆਲੇ ਦੇ ਅੰਸ਼ਾਂ ਨਾਲ ਇਕਸਾਰ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਹੀ ਸੁੰਦਰ ਰੂਪ ਵਿੱਚ ਵਰਣਿਤ ਹੈ। ਇਹੀ ਕਾਰਨ ਹੈ ਕਿ ਇਸ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਕਿਹਾ ਗਿਆ।

ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਚੰਡੀਗੜ ਨਾਲ ਆਪਣੇ ਸਮਕਾਲੀ ਯਤਨਾਂ ਵਿੱਚ ਅਤੇ ਹੋਰ ਉੱਘੇ ਵਿਦਵਾਨਾਂ ਨਾਲ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ, ਇੱਕ ਸਿੱਖ ਕੈਲੰਡਰ, ਜਿਸਨੂੰ ਨਾਨਕਸ਼ਾਹੀ ਕੈਲੰਡਰ ਕਿਹਾ ਜਾਂਦਾ ਹੈ, ਨੂੰ ਲਾਗੂ ਕਰਨ ਅਤੇ ਅਪਣਾਉਣ ਲਈ ਇੱਕ ਪ੍ਰਸਤਾਵ ਪੇਸ਼ ਕੀਤਾ ਗਿਆ ਸੀ ਅਤੇ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਵਾਨ ਕੀਤਾ ਗਿਆ ਸੀ। 1996 ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ)। ਇਸ ਤੋਂ ਬਾਅਦ, ਖ਼ਾਲਸਾ ਪੰਥ ਦੀ 300ਵੀਂ ਵਰ੍ਹੇਗੰਢ ਮੌਕੇ, ਇਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ 1999 ਵਿੱਚ ਇੱਕ ਜਨਰਲ ਹਾਊਸ ਦਾ ਮਤਾ ਪਾਸ ਕਰਕੇ ਜਾਰੀ ਕੀਤਾ ਗਿਆ ਸੀ ਅਤੇ ਤਿੰਨ ਤਾਰੀਖਾਂ ਨੂੰ ਛੱਡ ਕੇ 2003 ਵਿੱਚ ਅਕਾਲ ਤਖ਼ਤ ਵੱਲੋਂ ਪ੍ਰਵਾਨ ਕੀਤਾ ਗਿਆ ਸੀ। ਅਮਰੀਕਨ ਸਿੱਖ ਕੌਂਸਲ (ਪਹਿਲਾਂ ਵਰਲਡ ਸਿੱਖ ਕੌਂਸਲ - ਅਮਰੀਕਾ ਰੀਜਨ ਵਜੋਂ ਜਾਣੀ ਜਾਂਦੀ ਸੀ) ਨੇ 2003 ਵਿੱਚ ਮਤੇ ਦਾ ਪੂਰਾ ਸਮਰਥਨ ਕੀਤਾ।

2010 ਵਿਚ ਅਤੇ ਇਸ ਦੇ ਆਸ-ਪਾਸ ਸ਼੍ਰੋਮਣੀ ਕਮੇਟੀ ਨੇ ਗਿਆਰਾਂ ਮੈਂਬਰੀ ਨਾਨਕਸ਼ਾਹੀ ਕਮੇਟੀ ਅਤੇ ਧੜਿਆਂ, ਸੰਤ ਸਮਾਜ ਅਤੇ ਦਮਦਮੀ ਟਕਸਾਲ ਦੀ ਮੀਟਿੰਗ ਬੁਲਾਈ। ਪਾਲ ਸਿੰਘ ਦੀ ਰਾਇ ਜਾਨਣ ਜਾਂ ਪੰਥ ਦੀ ਕਿਸੇ ਸਹਿਮਤੀ ਤੋਂ ਬਿਨਾਂ, ਇਨਾ ਨੇ ਫੰਥ ਵਿਰੋਧੀ ਕੰਮ ਕਰਦਿਆ ਨਾਨਕਸ਼ਾਹੀ ਕੈਲੰਡਰ ਵਿੱਚ ਭਾਰੀ ਤਬਦੀਲੀਆਂ ਕੀਤੀਆਂ ।ਨਾਮ ਭਾਵੇਂ ਇਨਾ ਨੇ ਨਾਨਕਸ਼ਾਹੀ ਹੀ ਰੱਖਿਆਂ ਪਰ ਅੰਦਰੋ ਕੈਲੰਡਰ ਨੂੰ ਬਿਕ੍ਰਮੀ ਕਰ ਦਿੱਤਾ।

ਸਿੱਖ ਧਰਮ ਦੇ ਭਾਈਚਾਰੇ ਦੇ ਅੰਦਰ ਇਸ ਉਲਝਣ ਨੂੰ ਸੁਲਝਾਉਣ ਲਈ, ਅਮਰੀਕਾ ਭਰ ਦੇ ਗੁਰਦੁਆਰਿਆਂ ਨੇ ਨਵੰਬਰ 2017 ਵਿੱਚ ਇਕੱਠੇ ਹੋ ਕੇ ਮੂਲ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਲਈ ਇੱਕ ਵੱਡੀ ਕਾਨਫਰੰਸ ਕੀਤੀ, ਜੋ ਕਿ 1999 ਵਿੱਚ ਪੇਸ਼ ਕੀਤੇ ਗਏ ਅਤੇ ਪਹਿਲੀ ਵਾਰ ਸਵੀਕਾਰ ਕੀਤੇ ਗਏ ਕੈਲੰਡਰ ਨੂੰ ਲਾਗੂ ਕਰਨ ਦਾ ਕੌਮ ਨੂੰ ਸੱਦਾ ਦਿੱਤਾ।

ਅਮਰੀਕਨ ਸਿੱਖ ਕੌਂਸਲ (ਏਐਸਸੀ) ਪਾਲ ਸਿੰਘ ਦੇ ਸੁਪਨੇ ਨੂੰ ਦ੍ਰਿੜਤਾ ਨਾਲ ਪੂਰਾ ਕਰਨ ਅਤੇ ਇਸ ਨੂੰ ਸਫਲ ਬਣਾਉਣ ਲਈ ਵਚਨਬੱਧ ਹੈ। ਹਰ ਸਾਲ ਅਮਰੀਕਾ, ਕੈਨੇਡਾ ਅਤੇ ਡਾਇਸਪੋਰਾ ਦੇ ਵੱਧ ਤੋਂ ਵੱਧ ਗੁਰਦੁਆਰੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰ ਰਹੇ ਹਨ।

ਪਾਲ ਸਿੰਘ ਦੇ ਅਦੁੱਤੀ ਕਾਰਜ ਅਤੇ ਲਗਨ ਸਦਕਾ ਸਿੱਖ ਧਰਮ ਦਾ ਆਪਣਾ ਸੁਤੰਤਰ ਕੈਲੰਡਰ ਹੈ ਭਾਵੇਂ ਕਿ ਸਿੱਖ ਵਿਰੋਧੀ ਤਾਕਤਾਂ ਸਿੱਖਾਂ ਨੂੰ ਬ੍ਰਾਹਮਣਵਾਦੀ ਸਨਾਤਨਵਾਦ ਦੀ ਦਲਦਲ ਵਿੱਚ ਧੱਕਣ ਦੀਆਂ ਕੋਸ਼ਿਸ਼ਾਂ ਜਾਰੀ ਰੱਖਦੀਆਂ ਹਨ।

ਪਾਲ ਸਿੰਘ ਦੇ ਮਹਾਨ ਕਾਰਜ ਨੂੰ ਸਿੱਖ ਪੰਥ ਕਦੇ ਵੀ ਨਹੀਂ ਭੁੱਲੇਗਾ। ਅਕਾਲ ਪੁਰਖ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਉਹਨਾਂ ਦੇ ਸਨੇਹੀਆਂ ਨੂੰ ਇਹ ਵੱਡਾ ਘਾਟਾ ਸਹਿਣ ਦਾ ਬਲ ਬਖਸ਼ੇ।

**–ਅਮਰੀਕਨ ਸਿੱਖ ਕੌਂਸਲ**


T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331
ਪਰਮਜੀਤ ਪਰਮਾਰ:604-889-1738




# ਹਰਮਨਪ੍ਰੀਤ ਦੀ ਚੜ੍ਹਤ

ਦੁਬਈ : ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਇੰਗਲੈਂਡ ਖਿਲਾਫ ਆਪਣੇ ਸਾਨਦਾਰ ਪ੍ਰਦਰਸ਼ਨ ਤੋਂ ਬਾਅਦ ਆਈ ਸੀ ਸੀ ਮਹਿਲਾ ਇਕ ਦਿਨਾ ਖਿਡਾਰੀਆਂ ਦੀ ਰੈਂਕਿੰਗ ਵਿੱਚ ਪੰਜਵੇਂ ਸਥਾਨ ’ਤੇ ਪਹੁੰਚ ਗਈ ਹੈ। ਇੰਗਲੈਂਡ ਨੂੰ 3-0 ਨਾਲ ਹਰਾਉਣ ਤੋਂ ਬਾਅਦ ਭਾਰਤੀ ਖਿਡਾਰੀਆਂ ਦੀ ਰੈਂਕਿੰਗ ’ਚ ਕਾਫੀ ਸੁਧਾਰ ਹੋਇਆ ਹੈ। ਹਰਮਨਪ੍ਰੀਤ ਨੇ ਦੂਜੇ ਮੈਚ ਵਿੱਚ 111 ਗੇਂਦਾਂ ਵਿੱਚ ਨਾਬਾਦ 143 ਦੌੜਾਂ ਬਣਾਈਆਂ ਸਨ। ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ ਅਤੇ ਦੀਪਤੀ ਸ਼ਰਮਾ ਨੇ ਵੀ ਆਪਣੀ ਰੈਂਕਿੰਗ ਵਿੱਚ ਸੁਧਾਰ ਕੀਤਾ ਹੈ। ਮੰਧਾਨਾ ਇੱਕ ਸਥਾਨ ਦੀ ਛਾਲ ਮਾਰ ਕੇ ਛੇਵੇਂ ਅਤੇ ਸ਼ਰਮਾ ਅੱਠ ਸਥਾਨਾਂ ਦੀ ਛਾਲ ਨਾਲ 24ਵੇਂ ਸਥਾਨ ’ਤੇ ਪਹੁੰਚ ਗਈ ਹੈ। ਪੂਜਾ 49ਵੇਂ ਅਤੇ ਹਰਲੀਨ ਦਿਓਲ 46 ਸਥਾਨਾਂ ਦੇ ਵਾਧੇ ਨਾਲ 81ਵੇਂ ਸਥਾਨ ’ਤੇ ਪਹੁੰਚ ਗਈ ਹੈ।


# PAIN


***ICBC Covered *Extended Health Care**

**MSP Covered Premium Assistance under 10 treatments FREE**

| WE TREAT : | ਅਸੀਂ ਇਲਾਜ ਕਰਦੇ ਹਾਂ : |
|---|---|
| • BACK PAIN | • ਪਿੱਠ ਦੀ ਦਰਦ |
| • NECK PAIN | • ਗਰਦਨ ਦੀ ਦਰਦ |
| • HEEL PAIN | • ਅੱਡੀ ਦਾ ਦਰਦ |
| • SHOULDER PAIN | • ਮੋਢਿਆਂ ਦੀ ਦਰਦ |
| • KNEE PAIN | • ਗੋਡਿਆਂ ਦੀ ਦਰਦ |
| • SCIATICA NERVE PAIN | • ਸਕਾਈਟਿਕਾ ਨਰਵ ਦਰਦ |

## BEIJING ACUPUNCTURE & TCM CLINIC

☎ **604.496.5056**






Dr. PARK HUN MYUNG
R.AC LEE SEUNG YEON

9631-136A ST SURREY (ACROSS SURREY MEMORIAL HOSPITAL)
EMAIL: HUNMYPARK@GMAIL.COM








# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

***Good Paying Loads***



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

**(604) 598-3680 Fax: 604-596-3681 Cell: 778-838-3680**

***#121-13140-80Ave Surrey, BC V3W 3B2***

# ਭਾਰਤ ਸੜਕ ਹਾਦਸਿਆਂ ਵਿੱਚ ਮੋਹਰੀ

ਕੌਮੀ ਅਪਰਾਧ ਬਿਊਰੋ ਦੇ ਅੰਕੜਿਆਂ ਮੁਤਾਬਕ ਪਿਛਲੇ ਸਾਲ ਦੇਸ਼ ਭਰ ਵਿੱਚ 4.03 ਲੱਖ ਤੋਂ ਵੱਧ ਸੜਕ ਹਾਦਸੇ ਹੋਏ, ਜਿਨ੍ਹਾਂ ਵਿੱਚ 1 ਲੱਖ 55 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋਈ ਸੀ। ਇਸ ਹਿਸਾਬ ਨਾਲ ਸਾਡੇ ਦੇਸ਼ ਅੰਦਰ ਹਰ ਦਿਨ 426 ਤੋਂ ਵੱਧ ਵਿਅਕਤੀ ਸੜਕ ਹਾਦਸਿਆਂ ਵਿੱਚ ਆਪਣੀ ਜਾਨ ਗੁਆ ਦਿੰਦੇ ਹਨ, ਜੋ ਪ੍ਰਤੀ ਘੰਟਾ 18 ਮੌਤਾਂ ਬਣਦਾ ਹੈ।ਯੂਨੀਵਰਸਿਟੀ ਆਫ਼ ਲੰਡਨ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ ਸੜਕਾਂ ਦੀ ਹਾਲਤ ਸਭ ਤੋਂ ਖ਼ਰਾਬ ਹੈ। ਭਾਰਤ ਵਿੱਚ ਸਿਰਫ਼ 3 ਫ਼ੀਸਦੀ ਸੜਕਾਂ ਕੌਮੀ ਰਾਜ ਮਾਰਗ ਹਨ, ਜਦੋਂ ਕਿ 75 ਫ਼ੀਸਦੀ ਹਾਈਵੇ ਦੋ-ਮਾਰਗੀ ਹਨ। ਇਸ ਰਿਪੋਰਟ ਮੁਤਾਬਕ 40 ਫ਼ੀਸਦੀ ਸੜਕਾਂ ਵਾਹਨਾਂ ਦੇ ਚਲਣ ਲਾਈਕ ਨਹੀਂ ਹਨ। ਵਰਲਡ ਬੈਂਕ ਦੀ ਰੋਡ ਸੇਫਟੀ ਬਾਰੇ ਪਿਛਲੇ ਸਾਲ ਆਈ ਰਿਪੋਰਟ ਮੁਤਾਬਕ ਭਾਰਤ ਵਿੱਚ ਦੁਨੀਆ ਦੀਆਂ ਸਿਰਫ਼ 1 ਫ਼ੀਸਦੀ ਗੱਡੀਆਂ ਹਨ, ਜਦੋਂ ਕਿ ਸੰਸਾਰ ਭਰ ਵਿੱਚ ਹੋਣ ਵਾਲੇ ਸੜਕ ਹਾਦਸਿਆਂ ਵਿੱਚੋਂ 11 ਫ਼ੀਸਦੀ ਭਾਰਤ ਵਿੱਚ ਹੁੰਦੇ ਹਨ। ਸਾਡੇ ਦੇਸ਼ ਵਿੱਚ ਸੜਕ ਹਾਦਸਿਆਂ ਵਿੱਚ ਮਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ ਹਰ ਸਾਲ ਵਾਧਾ ਹੁੰਦਾ ਜਾਂਦਾ ਹੈ। ਭਾਰਤ ਸਰਕਾਰ ਦੇ ਸੜਕੀ ਆਵਾਜਾਈ ਬਾਰੇ ਵਿਭਾਗ ਦੀ ਰਿਪੋਰਟ ਮੁਤਾਬਕ 2017 ਵਿੱਚ ਸੜਕ ਹਾਦਸਿਆਂ ਕਾਰਨ 1,47, 913 ਮੌਤਾਂ ਹੋਈਆਂ ਸਨ ਤੇ ਅਗਲੇ ਸਾਲ 2018 ਵਿੱਚ 2.37 ਫ਼ੀਸਦੀ ਦੇ ਵਾਧੇ ਨਾਲ ਇਨ੍ਹਾਂ ਮੌਤਾਂ ਦੀ ਗਿਣਤੀ 1,51,471 ਪੁੱਜ ਗਈ ਸੀ।ਸੜਕ ਹਾਦਸਿਆਂ ਬਾਰੇ 'ਸੇਵ ਫਾਊਂਡੇਸ਼ਨ' ਦੀ ਰਿਪੋਰਟ ਮੁਤਾਬਕ ਭਾਰਤ ਅੰਦਰ ਪਿਛਲੇ 10 ਸਾਲਾਂ ਵਿੱਚ ਸੜਕ ਹਾਦਸਿਆਂ ਕਾਰਨ 13,81,314 ਲੋਕ ਮਰੇ ਤੇ 50,30,707 ਗੰਭੀਰ ਜ਼ਖ਼ਮੀ ਹੋਏ ਸਨ। ਸੜਕੀ ਆਵਾਜਾਈ ਮੰਤਰਾਲੇ ਦੀ ਰਿਪੋਰਟ ਮੁਤਾਬਕ 30 ਫ਼ੀਸਦੀ ਤੋਂ ਵੱਧ ਹਾਦਸੇ ਜਰਨੈਲੀ ਸੜਕਾਂ 'ਤੇ ਹੋਏ ਸਨ। ਮਰਨ ਵਾਲੇ ਵਿਅਕਤੀਆਂ ਵਿੱਚੋਂ 84.7 ਫ਼ੀਸਦੀ 18 ਤੋਂ 60 ਸਾਲ ਦੀ ਉਮਰ ਦੇ ਸਨ।ਸੰਨ 2015 ਵਿੱਚ ਬ੍ਰਾਜ਼ੀਲ ਵਿੱਚ ਕੌਮਾਂਤਰੀ ਸੜਕ ਸੁਰੱਖਿਆ ਸੰਮੇਲਨ ਹੋਇਆ ਸੀ। ਇਸ ਸੰਮੇਲਨ ਵਿੱਚ 2020 ਤੱਕ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਅੱਧੀ ਕਰਨ ਦਾ ਟੀਚਾ ਮਿਥਿਆ ਗਿਆ ਸੀ। ਇਸ ਐਲਾਨਨਾਮੇ ਉੱਤੇ ਭਾਰਤ ਨੇ ਵੀ ਦਸਤਖ਼ਤ ਕੀਤੇ ਸਨ। ਸਾਡੇ ਦੇਸ਼ ਵੱਲੋਂ ਇਸ ਟੀਚੇ ਨੂੰ ਪੂਰਾ ਕਰਨਾ ਤਾਂ ਦੂਰ ਦੀ ਗੱਲ, ਹਰ ਸਾਲ ਮੌਤਾਂ ਦਾ ਅੰਕੜਾ ਵਧਦਾ ਹੀ ਜਾ ਰਿਹਾ ਹੈ।ਸੁਪਰੀਮ ਕੋਰਟ ਨੇ ਦਸੰਬਰ 2018 ਵਿੱਚ ਇੱਕ ਰਿੱਟ ਪਟੀਸ਼ਨ ਦੀ ਸੁਣਵਾਈ ਦੌਰਾਨ ਕਿਹਾ ਸੀ ਕਿ ਸਾਡੇ ਦੇਸ਼ ਵਿੱਚ ਏਨੇ ਲੋਕ ਸਰਹੱਦ ਉੱਤੇ ਜਾਂ ਅੱਤਵਾਦੀ ਹਮਲਿਆਂ ਰਾਹੀਂ ਨਹੀਂ ਮਰਦੇ, ਜਿੰਨੇ ਸੜਕਾਂ ਵਿੱਚ ਪਏ ਟੋਇਆਂ ਕਾਰਨ ਮਰ ਜਾਂਦੇ ਹਨ।ਹੁਣ ਦੇਖਣਾ ਹੈ ਕਿ ਭਾਰਤ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਕਿਹੜੇ ਕਦਮ ਪੁੱਟਦੀ ਹੈ।

# ਦਰਦਾਂ ਦੇ ਮਾਰੇ ਹਿੰਦੋਸਤਾਨੀ

ਨਵੀਂ ਦਿੱਲੀ:ਭਾਰਤ ਵਿਚ ਦਰਦਾਂ ਦੇ ਪਹਿਲੀ ਵਾਰ ਕੀਤੇ ਗਏ ਸਰਵੇ 'ਚ ਸਾਹਮਣੇ ਆਇਆ ਹੈ ਕਿ 45 ਸਾਲ ਜਾਂ ਇਸ ਤੋਂ ਉਪਰਲੇ ਤਿੰਨ ਭਾਰਤੀਆਂ ਵਿੱਚੋਂ ਇਕ ਜਿਸਮਾਨੀ ਦਰਦ ਦਾ ਸ਼ਿਕਾਰ ਹੈ। ਪੱਛਮੀ ਬੰਗਾਲ



ਵਿਚ ਗਿਣਤੀ ਸਭ ਤੋਂ ਵੱਧ ਹੈ। ਦੇਸ਼ ਵਿਚ 45 ਪਲੱਸ ਉਮਰ ਗਰੁੱਪ ਦੇ ਔਸਤਨ 37 ਫੀਸਦੀ ਲੋਕ ਕਿਸੇ ਨਾ ਕਿਸੇ ਦਰਦ ਵਿੱਚੋਂ ਲੰਘ ਰਹੇ ਹਨ। ਇਨ੍ਹਾਂ ਵਿੱਚੋਂ ਕਰੀਬ 15 ਫੀਸਦੀ ਹਫਤੇ ਵਿੱਚ ਪੰਜ ਜਾਂ ਇਸ ਤੋਂ ਵੱਧ ਦਿਨ ਕਰਾਹੁੰਦੇ ਗੁਜ਼ਾਰਦੇ ਹਨ। 'ਪੇਨ' ਨਾਂਅ ਦੇ ਖੋਜ ਰਸਾਲੇ ਵਿਚ ਛਪੇ ਅਧਿਐਨ ਮੁਤਾਬਕ ਮਿਜ਼ੋਰਮ, ਆਂਧਰਾ ਤੇ ਹਰਿਆਣਾ ਵਿਚ ਦਰਦ-ਮਾਰਿਆਂ ਦੀ ਗਿਣਤੀ ਸਭ ਤੋਂ ਘੱਟ ਪਾਈ ਗਈ ਹੈ, ਜਦਕਿ ਪੱਛਮੀ ਬੰਗਾਲ, ਝਾਰਖੰਡ, ਪੁੱਡੂਚੇਰੀ, ਓਡੀਸ਼ਾ ਤੇ ਨਾਗਾਲੈਂਡ 'ਚ ਸਭ ਤੋਂ ਵੱਧ। ਜਿਹੜੇ ਲੋਕਾਂ ਨੂੰ ਦਰਦਾਂ ਕਾਰਨ ਆਪਣੀਆਂ ਰੋਜ਼ਾਨਾ ਦੀਆਂ ਸਰਗਰਮੀਆਂ ਘਟਾਉਣੀਆਂ ਪੈਂਦੀਆਂ ਹਨ, ਉਨ੍ਹਾਂ ਦਾ ਪ੍ਰਤੀਸ਼ਤ ਮਿਜ਼ੋਰਮ ਵਿਚ 2.6 ਤੋਂ ਲੈ ਕੇ ਕੇਰਲਾ ਵਿਚ 22 ਤੇ ਬੰਗਾਲ ਵਿਚ ਕਰੀਬ 40 ਹੈ। ਅਧਿਐਨ ਕਰਨ ਵਾਲੀ ਟੀਮ ਦੇ ਆਗੂ ਤੇ ਇੰਟਰਨੈਸ਼ਨਲ ਇੰਸਟੀਚਿਊਟ ਆਫ ਪਾਪੂਲੇਸ਼ਨ ਸਟੱਡੀਜ਼ ਮੁੰਬਈ ਦੇ ਪ੍ਰੋਫੈਸਰ ਸੰਜੇ ਮੋਹੰਤੀ ਦਾ ਕਹਿਣਾ ਹੈਦਰਦਾਂ ਕਾਰਨ ਵਿਅਕਤੀ ਦਾ ਬੁਰਾ ਹਾਲ ਤਾਂ ਹੁੰਦਾ ਹੀ ਹੈ, ਇਸ ਦਾ ਘਰ ਤੇ ਦੇਸ਼ ਦੇ ਅਰਥਚਾਰੇ 'ਤੇ ਵੀ ਅਸਰ ਪੈਂਦਾ ਹੈ, ਪਰ ਜਨਤਕ ਸਿਹਤ ਮਹਿਕਮੇ ਦਾ ਇਸ ਵੱਲ ਬਹੁਤ ਧਿਆਨ ਨਹੀਂ ਗਿਆ ਤੇ ਨਾ ਹੀ ਇਸ ਬਾਰੇ ਖਾਸ ਖੋਜ ਹੋਈ ਹੈ।ਮੋਹੰਤੀ ਅਤੇ ਹਾਲੈਂਡ ਤੇ ਸਵਿਟਜ਼ਰਲੈਂਡ ਵਿਚਲੇ ਉਨ੍ਹਾ ਦੇ ਸਾਥੀ ਖੋਜੀਆਂ ਨੇ ਹੁਣ ਅਧਿਐਨ ਕੀਤਾ ਹੈ ਕਿ ਭਾਰਤ ਵਿਚ ਕਿੰਨੇ ਲੋਕ ਦਰਦਾਂ ਦੇ ਸ਼ਿਕਾਰ ਹਨ, ਕਿੰਨਿਆਂ ਨੂੰ ਰੋਜ਼ਾਨਾ ਸਰਗਰਮੀਆਂ ਘਟਾਉਣੀਆਂ ਪੈਂਦੀਆਂ ਹਨ ਤੇ ਕਿੰਨੇ ਇਲਾਜ ਕਰਵਾ ਰਹੇ ਹਨ। ਪੱਛਮੀ ਬੰਗਾਲ ਵਿਚ 46.2 ਫੀਸਦੀ ਲੋਕ ਦਰਦਾਂ ਦੇ ਸ਼ਿਕਾਰ ਹਨ ਤੇ ਉਨ੍ਹਾਂ ਵਿੱਚੋਂ 39.8 ਫੀਸਦੀ ਸਾਰਾ ਦਿਨ ਦਬੱਲ ਕੇ ਕੰਮ ਨਹੀਂ ਕਰ ਸਕਦੇ।

ਕਰੀਬ 64 ਫੀਸਦੀ ਲੋਕ ਦਵਾਈਆਂ ਖਾ ਰਹੇ ਹਨ। ਪ੍ਰੋਫੈਸਰ ਮੋਹੰਤੀ ਦਾ ਕਹਿਣ ਹੈ ਕਿ ਇਸ ਵੇਲੇ ਬਹੁਤ ਘੱਟ ਜਾਣਕਾਰੀ ਹੈ ਕਿ ਦਰਦ ਕਾਰਨ ਲੋਕਾਂ ਦਾ ਇਲਾਜ 'ਤੇ ਕਿੰਨਾ ਖਰਚਾ ਹੋ ਰਿਹਾ ਹੈ ਤੇ ਪੂਰਾ ਸਮਾਂ ਕੰਮ ਨਾ ਕਰਨ ਕਰਕੇ ਅਰਥਚਾਰੇ 'ਤੇ ਕਿੰਨਾ ਅਸਰ ਪੈਂਦਾ ਹੈ। ਨਵੀਂ ਰਿਪੋਰਟ 63900 ਲੋਕਾਂ ਦੇ ਹੁੰਗਾਰੇ ਨਾਲ ਤਿਆਰ ਕੀਤੀ ਗਈ ਹੈ। ਅਧਿਐਨ ਵਿਚ ਸਾਹਮਣੇ ਆਇਆ ਹੈ ਕਿ 45 ਪਲੱਸ ਵਾਲੇ 15 ਫੀਸਦੀ ਉਹ ਹਨ, ਜਿਨ੍ਹਾਂ ਨੂੰ ਹਫਤੇ ਵਿਚ ਪੰਜ ਜਾਂ ਉਸ ਤੋਂ ਵੱਧ ਦਿਨ ਦਰਦਾਂ ਹੁੰਦੀਆਂ ਹਨ, 13 ਫੀਸਦੀ ਨੂੰ ਤਿੰਨ ਜਾਂ ਚਾਰ ਦਿਨ ਅਤੇ 9 ਫੀਸਦੀ ਨੂੰ ਇਕ ਜਾਂ ਦੋ ਦਿਨ ਦਰਦਾਂ ਹੁੰਦੀਆਂ ਹਨ।

ਮੋਹੰਤੀ ਨੇ ਕਿਹਾ ਕਿ ਉਨ੍ਹਾਂ ਦਰਦ ਦੇ ਕਾਰਨਾਂ ਦਾ ਪਤਾ ਨਹੀਂ ਲਾਇਆ। ਕਾਰਨਾਂ, ਖਰਚ ਅਤੇ ਜ਼ਿੰਦਗੀ ਤੇ ਘਰ ਦੀ ਹਾਲਤ ਉੱਤੇ ਪੈਣ ਵਾਲੇ ਅਸਰ 'ਤੇ ਭਵਿੱਖ ਵਿਚ ਖੋਜ ਕੀਤੀ ਜਾ ਸਕਦੀ ਹੈ। ਪ੍ਰੋਫੈਸਰ ਮੋਹੰਤੀ ਨੇ ਕਿਹਾ ਕਿ ਦਰਦ ਸਹਿੰਦੇ ਕਰੀਬ 73 ਫੀਸਦੀ ਲੋਕ ਕੋਈ ਨਾ ਕੋਈ ਇਲਾਜ ਕਰਦੇ/ ਕਰਾਉਦੇ ਹਨ। ਇਨ੍ਹਾਂ ਵਿੱਚੋਂ ਕਰੀਬ 40 ਫੀਸਦੀ ਮੂੰਹ ਰਾਹੀਂ ਜਾਂ ਟੀਕਿਆਂ ਦੀ ਸ਼ਕਲ ਵਿਚ ਦਵਾਈ ਲੈਂਦੇ ਹਨ। ਕਰੀਬ 40 ਫੀਸਦੀ ਕੰਮ ਵਾਲੀ ਥਾਂ ਦਰਦ ਦੀਆਂ ਗੋਲੀਆਂ (ਪੇਨਕਿਲਰ) ਲੈਂਦੇ ਹਨ ਅਤੇ ਬਾਕੀ ਫਿਜ਼ੀਓਥੈਰੇਪੀ ਜਾਂ ਸਾਈਕੋਥੈਰੇਪੀ ਕਰਾਉਦੇ ਹਨ। ਇਲਾਜ ਦਾ ਪ੍ਰਤੀਸ਼ਤ ਵੀ ਵੱਖ-ਵੱਖ ਰਾਜਾਂ ਵਿਚ ਵੱਖਰਾ ਹੈ।

ਮਿਜ਼ੋਰਮ ਵਿਚ ਸਿਰਫ ਸਾਢੇ 10 ਫੀਸਦੀ ਲੋਕ ਇਲਾਜ ਕਰਵਾ ਰਹੇ ਹਨ, ਜਦਕਿ ਕੇਰਲਾ ਵਿਚ 76 ਫੀਸਦੀ ਅਤੇ ਗੋਆ, ਲਕਸ਼ਦੀਪ, ਮਹਾਰਾਸ਼ਟਰ, ਪੁਡੂਚੇਰੀ, ਤਿਲੰਗਾਨਾ ਤੇ ਤਾਮਿਲਨਾਡੂ ਵਿਚ 85 ਫੀਸਦੀ ਜਾਂ ਇਸ ਤੋਂ ਵੱਧ ਲੋਕ ਇਲਾਜ ਕਰਵਾ ਰਹੇ ਹਨ।










# ਬੀ.ਸੀ ਦੀਆਂ ਪ੍ਰਮੁੱਖ ਸੁਸਾਇਟੀਆਂ ਵੱਲੋਂ ਸ.ਪਾਲ ਸਿੰਘ ਪੁਰੇਵਾਲ ਨੂੰ ਸ਼ਰਧਾਂਜਲੀ





ਪੇਟ ਵਿੱਚ ਜਲਣ, ਖੱਟੇ ਡਕਾਰ, ਪੇਟ ਗੁਬਾਰੇ ਵਾਂਗ ਤਣ ਜਾਣਾ, ਪੇਟ ਵਿੱਚ ਹਵਾ ਜਾਂ ਹਵਾ ਦਾ ਗੋ.ਲਾ ਘੁੰਮੀ ਜਾਣਾ, ਗੁੜ-ਗੁੜ ਦੀ ਆਵਾਜ਼ ਆਉਣੀ, ਪਿੜ-ਪਿੜ ਦੀ ਆਵਾਜ਼ ਨਾਲ ਹਵਾ ਦਾ ਸਰਨਾ, ਸਿੱਧੇ ਪੈਣ 'ਤੇ ਖਾਧਾ-ਪੀਤਾ ਉੱਪਰ ਨੂੰ ਆਉਣਾ, ਜੀਅ ਕੱਚਾ ਹੋਣਾ (ਅਵੱਤ), ਪੇਟ ਵਿੱਚ ਜ਼ਹਿਰਬਾਦ ਬਣ ਜਾਣਾ ਆਦਿ, ਪਾਚਨ ਕ੍ਰਿਆ ਦੀ ਗੜਬੜੀ ਦਾ ਸੰਕੇਤ ਹੈ। ਇਸ ਤਰ੍ਹਾਂ ਦੇ ਕਸ਼ਟਦਾਈ ਲੱਛਣਾਂ ਨਾਲ ਪੀੜਤ ਵਿਅਕਤੀ ਬੇਚੈਨ ਅਤੇ ਬੇਹਾਲ ਹੋ ਉੱਠਦਾ ਹੈ, ਉਸ ਦਾ ਠੰਢੀਆਂ ਚੀਜ਼ਾਂ ਖਾਣ-ਪੀਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਵਿੱਚ ਠੰਢਾ-ਠਾਰ ਪਾਣੀ, ਠੰਢਾ ਦੁੱਧ, ਆਈਸ-ਕ੍ਰੀਮ ਅਤੇ ਬਰਫ਼ ਚਬਣ ਦਾ ਮਨ ਕਰਨਾ ਸ਼ਾਮਲ ਹੈ।

ਕਸਰਤ ਦੀ ਘਾਟ, ਤ.ਲੇ ਹੋਏ ਅਤੇ ਮਿਰਚ-ਮਸਾਲਿਆਂ ਵਾਲੇ ਭੋਜਨ ਦਾ ਸੇਵਨ, ਸ਼ਰਾਬ, ਡਰੱਗਜ਼ ਅਤੇ ਦਵਾਈਆਂ ਦੀ ਲੋੜ ਨਾਲੋਂ ਵੱਧ ਵਰਤੋਂ, ਮਨ ਦੇ ਡਰ ਅਤੇ ਚਿੰਤਾਵਾਂ, ਕਾਰੋਬਾਰ ਵਿੱਚ ਘਾਟਾ ਜਾਂ ਆਪਸੀ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579



ਰਿਸ਼ਤਿਆਂ ਦੀ ਤਰੇੜ ਕਾਰਣ ਉਪਜੇ ਮਾਨਸਿਕ ਤਣਾਅ ਕਾਰਣ ਪੇਟ ਦੀ ਗੜਬੜੀ ਦੇ ਲੱਛਣਾਂ ਉਤਪੰਨ ਹੋ ਸਕਦੇ ਹਨ। ਜਿਗਰ ਅਤੇ ਪਾਚਨ ਪ੍ਰਣਾਲੀ ਨਾਲ ਸੰਬੰਧਤ ਹੋਰਨਾ ਰੋਗਾਂ ਤੋਂ ਬਚਣ ਲਈਇਹ ਜ਼ਰੂਰੀ ਹੈ ਕਿ ਭੋਜਨ ਦੀਆਂ ਉਨ੍ਹਾਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ ਜੋ ਇਸ ਦਾ ਕਾਰਣ ਬਣਦੀਆਂ ਹਨ। ਕਈ ਵਾਰੀ ਅਸੀਂ ਬਿਨਾਂ ਭੁੱਖ ਤੋਂ ਵੀ ਖਾਂਦੇ ਹਾਂ, ਬਾਰ-ਬਾਰ ਖਾਈ ਜਾਂਦੇ ਹਾਂ, ਅਨਿਸ਼ਚਿਤ ਸਮੇਂ 'ਤੇ ਖਾਂਦੇ ਹਾਂ, ਬਿਮਾਰੀ ਦੀ ਹਾਲਤ ਵਿੱਚ ਡਾਕਟਰੀ ਸਲਾਹ ਤੋਂ ਬ.ਗੈਰ ਖਾਂਦੇ ਹਾਂ, ਲੋੜ ਤੋਂ ਵੱਧ ਜਾਂ ਖਾਣ ਸਮੇਂ ਭੋਜਨ ਨੂੰ ਚੰਗੀ ਤਰ੍ਹਾਂ ਨਹੀਂ ਚਬਾਉਂਦੇ, ਜਿਸ ਕਾਰਣ ਹਾਜ਼ਮਾ ਪ੍ਰਭਾਵਿਤ ਹੁੰਦਾ ਹੈ।

ਹੋਮਿਓਪੈਥੀ ਵਿੱਚ ਕਾਰਗਰ ਦਵਾਈਆਂ ਰਾਹੀਂ ਉਪਰੋਕਤ ਅਲਾਮਤਾਂ ਦਾ ਢੁਕਵਾਂ ਇਲਾਜ ਸੰਭਵ ਹੈ। ਹਰ ਰੋਗ ਦੇ ਪਿਛੋਕੜ ਨੂੰ ਅਤੇ ਪੀੜਤ ਵਿਅਕਤੀ ਦੀ ਜੀਵਨਸ਼ੈਲੀ ਨੂੰ ਸਮਝਦਿਆਂ ਹੋਇਆਂ ਢੁਕਵੀਂ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਇਹ ਲਾਜ਼ਮੀ ਹੈ ਕਿ ਪੇਸ਼ਾਵਰ ਹੋਮਿਓਪੈਥਿਕ ਪ੍ਰੈਕਟਿਸ਼ਨਰ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾਵੇ। ਕਿਸੇ ਮਾਹਰ ਸਲਾਹ ਤੋਂ ਬ.ਗੈਰ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੁਝ ਸਿਰਕੱਢ ਦਵਾਈਆਂ ਹਨ "ਨਕਸਵਾਮੀਕਾ", "ਲਾਈਕੋਪੋਡੀਅਮ", "ਸਲਫ਼ਰ", "ਕਾਰਬੋ-ਵੈੱਜ", "ਸਿਨਕੋਨਾ", "ਮੈਗਮਿਊਰ", "ਹਾਈਡ੍ਰਾਸਟੀਜ਼" ਆਦਿ। ਲੱਛਣਾਂ, ਅਲਾਮਤਾਂ ਅਤੇ ਪੀੜਤ ਵਿਅਕਤੀ ਦੇ ਸੁਭਾਅ ਦਾ ਤਾਲਮੇਲ ਕਰਦਿਆਂ ਢੁਕਵੀਂ ਸਿੰਗਲ ਦਵਾਈ ਦੀ ਚੋਣ ਇਸ ਰੋਗ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਹਰ ਇੱਕ ਕੇਸ ਨੂੰ ਵਖਰੇਵੇਂ ਨਾਲ ਦੇਖਦਿਆਂ ਹੋਇਆਂ, ਅਤੇ ਕੇਸ ਦੀ ਸਹੀ ਪੜਚੋਲ ਕਰਨ ਉਪਰੰਤ ਮਰੀਜ਼ ਲਈ ਢੁਕਵੀਂ ਦਵਾਈ ਦੀ ਚੋਣ ਕਰਦੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਓ
night & day recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਕਹਾਣੀ

# ਮੋਤੀ ਚੂਰ ਦੇ ਲੱਡੂ

ਬਾਈ ਕੁ ਸਾਲ ਦੀ ਰਾਣੋ ਬੀ ਏ ਕਰਕੇ ਹਟੀ ਤਾਂ ਉਹਦਾ ਪਿੰਡ ਜੀਅ ਨਾ ਲੱਗੇ , ਸ਼ਹਿਰ ਦੀ ਖੁੱਲ੍ਹੀ ਫਿਜਾ ਵਿੱਚ ਉਡਾਰੀਆਂ ਮਾਰਨ ਵਾਲ਼ੀ ਚੀਨੀ ਕਬੂਤਰੀ ਨੂੰ ਪਿੰਡ ਜੇਲ੍ਹ ਵਾਂਗੂ ਲੱਗੇ ।ਹੀਲਾ - ਵਸੀਲਾ ਕਰਕੇ ਸ਼ਹਿਰ ਪ੍ਰਾਈਵੇਟ ਨੌਕਰੀ ਲੱਭ ਲਈ ਉਸਨੇ । ਮਾਂ - ਪਿਉ ਵੀ ਆਰਥਿਕ ਪੱਖੋਂ ਤੰਗ ਹੀ ਸਨ , ਉਹਨਾਂ ਨੂੰ ਚੜ੍ਹੇ ਮਹੀਨੇ ਤਨਖਾਹ ਫੜਾਉਣ ਲੱਗੀ ਰਾਣੋ , ਉਹ ਵੀ ਖੁਸ਼ ਸਨ ।

ਸ਼ਹਿਰ ਬੱਸ ਅੱਡੇ ਦੇ ਕੋ਼ਲ ਹੀ ਤੀਜੀ ਮੰਜਿਲ ਤੇ ਜਾ ਕੇ ਰਾਣੋ ਦਾ ਦਫ਼ਤਰ ਸੀ । ਉਹ ਫਾਈਨੈਂਸ ਦੀ ਕੰਪਨੀ ਵਿੱਚ ਕਲਰਕ ਲੱਗੀ ਸੀ । ਇੱਕ ਕਮਰੇ ਵਿੱਚ ਕੰਪਨੀ ਦਾ ਬੁੱਢਾ ਮੈਨੇਜਰ ਬੈਠਦਾ ਤੇ ਸਾਹਮਣੇ ਹਾਲ ਵਿੱਚ ਰਾਣੋ , ਦਿਨੇਸ਼ ਸ਼ਰਮਾਂ ਤੇ ਦਿਲਜੀਤ ਗਿੱਲ ਬੈਠਦੇ ।ਮੈਨੇਜਰ ਦੁਪਹਿਰੇ ਰੋਟੀ ਖਾਣ ਤੋਂ ਬਾਅਦ ਕਮਰੇ ਦੇ ਇੱਕ ਪਾਸੇ ਪਰਦਾ ਲਗਾ ਕੇ ਲਾਏ ਹੋਏ ਸਿੰਗਲ ਬੈੱਡ ਉੱਤੇ ਅਰਾਮ ਕਰਨ ਲਈ ਲੰਬਾ ਪੈ ਜਾਂਦਾ । ਹਾਲ ਵਿੱਚ ਸਾਹਮਣੇ ਵਾ਼ਲੀ ਕੰਧ ਨਾ਼ਲ ਸੋਫੇ ਲੱਗੇ ਹੋਏ ਸੀ , ਕਸਟਮਰ ਦੇ ਬੈਠਣ ਲਈ ।

ਸ਼ਰਮਾਂ ਤੇ ਗਿੱਲ ਦੋਨੇ ਵਿਆਹੇ ਹੋਏ ਸਨ ਉਮਰ ਤਕਰੀਬਨ ਤੀਹ ਕੁ ਸਾਲ ਦੇ ਨੇੜੇ ਸੀ ਦੋਨਾਂ ਦੀ , ਰਾਣੋ ਅਜੇ ਕੁਆਰੀ ਸੀ । ਤਿੰਨੋਂ ਜਾਣੇ ਹਾਸਾ - ਖੇਡਾ ਕਰਦੇ ਤੇ ਨਾ਼ਲੇ ਕੰਮ ਵੀ ਕੰਪਨੀ ਦਾ ਪੂਰੀ ਲਗਨ ਨਾ਼ਲ ਕਰਦੇ । ਪੰਜ ਵਜੇ ਤੋਂ ਬਾਅਦ ਵੀ ਕਈ ਵਾਰੀ ਸ਼ਰਮਾ ਤੇ ਗਿੱਲ ਸਾਰਾ ਕੰਮ ਨਿਬੇੜ ਕੇ ਘਰੇ ਜਾਂਦੇ ।ਆਮ ਕਰਕੇ ਮੈਨੇਜਰ ਚਾਰ ਕੁ ਵਜੇ ਘਰੇ ਚਲਾ ਜਾਂਦਾ । ਉਹ ਦੋਨੇ ਰਾਣੋ ਨੂੰ ਵੀ ਤੋਰ ਦਿੰਦੇ , ਨਾ ਚਾਹੁੰਦੇ ਹੋਏ ਵੀ ਰਾਣੋ ਨੂੰ ਘਰ ਜਾਣਾ ਪੈਂਦਾ ।

ਦਫ਼ਤਰ ਵਿੱਚ ਚਪੜਾਸੀ ਕੋਈ ਨੀ ਸੀ । ਇੱਕ ਪਾਸੇ ਕੰਧ ਨਾ਼ਲ ਛੋਟੀ ਰਸੋਈ ਬਣਾਈ ਹੋਈ ਸੀ । ਉੱਥੇ ਹੀਟਰ ਰੱਖਿਆ ਸੀ , ਦਾ਼ਲ -ਰੋਟੀ ਗਰਮ ਕਰ ਲੈਂਦੇ ਤੇ ਨਾ਼ਲੇ ਚਾਹ ਬਣਾ ਲੈਂਦੇ । ਰਸੋਈ ਦੇ ਇੱਕ ਖ਼ਾਨੇ ਵਿੱਚ ਟੇਪ ਰਿਕਾਰਡ ਅਤੇ ਕੈਸਟਾਂ ਰੱਖੀਆਂ ਹੁੰਦੀਆਂ ।ਸ਼ੁੱਕਰਵਾਰ ਦੀ ਸ਼ਾਮ ਨੂੰ ਸ਼ਰਮਾਂ ਤੇ ਗਿੱਲ ਪੰਜ ਵਜੇ ਤੋਂ ਬਾਅਦ ਦਫ਼ਤਰ ਦੇ ਅੰਦਰ ਹੀ ਪੈੱਗ ਲਾਂਉਦੇ ਤੇ ਨਾ਼ਲੇ ਟੇਪ ਰਿਕਾਰਡ ਕੱਢ ਕੇ ਗਾਣੇ ਲਾਂਉਦੇ ।ਉੱਨਾਂ ਸਮਿਆਂ ਵਿੱਚ ਟੇਪ ਰਿਕਾਰਡ ਸਰਦੇ- ਪੁੱਜਦੇ ਘਰਾਂ ਕੋ਼ਲ ਹੀ ਹੁੰਦੀ ਸੀ ।ਆਮ ਕਰਕੇ ਚਾਹ ਸਵੇਰੇ ਸ਼ਾਮ ਰਾਣੋ ਹੀ ਬਣਾਉਂਦੀ ।ਕਦੇ- ਕਦੇ ਸ਼ਰਮਾਂ ਚਾਹ ਬਣਾਉਂਦਾ , " ਤੂੰ ਨਾਂਹ ਬਣਾਈ ਚਾਹ ਅੱਜ , ਐਵੇਂ ਲੱਸੀ ਜਿਹੀ ਕਰ ਛੱਡਦੀ ਆਂ , ਮੈਂ ਬਣਾਉਨਾਂ ਅੱਜ ਜੱਟਾਂ ਵਾ਼ਲੀ ਚਾਹ ।" ਸ਼ਰਮਾਂ ਜੱਟਾਂ ਵਾ਼ਲੀ ਚਾਹ ਕਹਿ ਕੇ ਨਾ਼ਲੇ ਗਿੱਲ ਵੱਲ ਨੂੰ ਟੇਡਾ ਜਿਹਾ ਝਾਕ ਕੇ ਹੱਸਦਾ ।ਸ਼ਰਮੇ ਦੇ ਪਿਓ ਦੀ ਕੱਪੜੇ ਦੀ ਦੁਕਾਨ ਸੀ । ਸ਼ਰਮੇ ਦੇ ਪਿਉ ਦਾ ਸੁਭਾਅ ਬਾਣੀਆਂ ਵਾ਼ਲਾ ਸੀ ਤੇ ਸ਼ਰਮੇ ਦਾ ਸੁਭਾਅ ਜੱਟਾਂ ਵਾ਼ਲਾ । ਇਸ ਕਰਕੇ ਪਿਉ -ਪੁੱਤ ਦੀ ਨਾ ਬਣੀ ਤੇ ਸ਼ਰਮਾਂ ਦੁਕਾਨ ਛੱਡ ਕੇ ਨੌਕਰੀ ਕਰਨ ਲੱਗਿਆ ਤੇ ਉਸਦੇ ਪਿਉ ਨੇ ਦੁਕਾਨ ਤੇ ਇੱਕ ਹੋਰ ਮੁੰਡਾ ਰੱਖ ਲਿਆ ।ਸ਼ਰਮੇ ਦੀ ਬਣਾਈ ਚਾਹ ਦੀ ਤਰੀਫ਼ ਗਿੱਲ ਵੀ ਕਰਦਾ । ਰਾਣੋ ਖਿੱਝਦੀ , " ਮੈਂ ਨੀ ਬਣਾਉਂਦੀ ਅੱਜ ਤੋਂ ਆਪੇ ਬਣਾ ਲਿਆ ਕਰੋ , ਮੁੱਠੀ ਭਰਕੇ ਸਿੱਟ ਲੈਨੇ ਉ ਚਾਹ ਪੱਤੀ ਦੀ , ਜ਼ਹਿਰ ਵਰਗੀ ਥੋਡੀ ਚਾਹ ਹੁੰਦੀ ਆ ।" ਰਾਣੋ ਨਹੋਰੇ ਨਾ਼ਲ ਨੱਕ ਜਿਹਾ ਵੱਟਦੀ। ਪਰ ਅਗਲੇ ਦਿਨ ਸਭ ਕੁਝ ਭੁੱਲ - ਭਲਾ ਕੇ ਰਾਣੋ ਫੇਰ ਚਾਹ ਧਰ ਲੈਂਦੀ ।ਗਿੱਲ ਚਾਹ ਵਾਸਤੇ ਦੁੱਧ ਹਰ ਰੋਜ ਘਰੋਂ ਲੈ ਆਂਉਦਾ । ਰਾਣੋ ਲੌਂਗ - ਲਾਚੀਆਂ ਲੈ ਆਉਂਦੀ ਤੇ ਚਾਹ ਪੂਰੀ ਰੀਝ ਨਾ਼ਲ ਬਣਾ ਕੇ ਪਹਿਲਾਂ ਮੈਨੇਜਰ ਨੂੰ ਫੜਾਉਂਦੀ ਤੇ ਫੇਰ ਸ਼ਰਮੇ ਤੇ ਗਿੱਲ ਨੂੰ ਫੜਾ ਕੇ ਆਪ ਕੱਪ ਵਿੱਚ ਪਾ ਕੇ ਉਨ੍ਹਾਂ ਕੋ਼ਲ ਬੈਠ ਕੇ ਪੀਂਦੀ ।

ਸ਼ਰਮਾਂ ਤੇ ਗਿੱਲ ਆਪੋ ਵਿੱਚ ਖਹਿਬੜਦੇ ਤੇ ਰਾਣੋ ਪੂਰਾ ਸਵਾਦ ਲੈਂਦੀ ਉੱਨਾਂ ਦੀ ਨੋਕ -ਝੋਕ ਦਾ ।ਗਿੱਲ , ਸ਼ਰਮੇ ਨੂੰ ਛੇੜਦਾ ਹੋਇਆ ਬੋਲਦਾ " ਬਾਣੀਏ ਲੈਂਦੇ ਆ ਨਜਾਰੇ , ਜੱਟ ਤਾਂ ਮਿੱਟੀ ਚ ਮਿੱਟੀ ਹੋਣ ਜੋਗੇ ਨੇ । ਤੁਸੀਂ ਪਾਕੇ ਦਸ ਕੁ ਫੁੱਟ ਦੀ ਦੁਕਾਨ ਤੇ ਦਸ ਏਕੜਾਂ ਵਾਲੇ ਜੱਟ ਪਤਾ ਨੀ ਕਿੰਨੇ ਕਰਜ਼ੇ ਹੇਠਾਂ ਦੱਬੇ ਹੋਏ ਨੇ । " ਸ਼ਰਮਾਂ ਬੋਲਦਾ , " ਤੇਰੀ ਜ਼ਮੀਨ ਆ ਗਈ ਸ਼ਹਿਰ ਦੇ ਨੇੜੇ , ਤੁਸੀਂ ਵੇਚਦੇ ਉ ਹੁਣ ਇੰਚਾਂ ਦੇ ਨਾ਼ਲ ਮਿਣ ਕੇ , ਮਿੱਟੀ ਬਣਗੀ ਰਾਤੋ-ਰਾਤ ਸੋਨਾ , ਹੁਣ ਕਰਦਾ ਗੱਲਾਂ ਵੱਡਾ ਗਿੱਲ ।" " ਉਏ ਤੇਰੇ ਕੋ਼ਲ ਸਕੂਟਰ ਤੇ ਤੇਰੇ ਪਿਉ ਕੋ਼ਲ ਮਰੂਤੀ ਕਾਰ ਨਵੀਂ , ਮੈਂ ਆਉਨਾ ਟੁੱਟੇ ਜਿਹੇ ਸਾਈਕਲ ਤੇ ।" ਇਹ ਕਹਿ ਕੇ ਗਿੱਲ ਸ਼ਰਮੇ ਨੂੰ ਲਾਜਵਾਬ ਕਰ ਦਿੰਦਾ । ਇਹ ਅੱਸੀਵੇਂ ਦਹਾਕੇ ਦਾ ਸਮਾਂ ਸੀ , ਜਦੋਂ ਮਰੂਤੀ ਕਾਰ ਅਜੇ ਨਵੀਂ -ਨਵੀਂ ਮਾਰਕੀਟ ਵਿੱਚ ਆਈ ਸੀ ।ਅੰਬੈਸਡਰ ਅਤੇ ਫੀਏਟ ਕਾਰ ਦੀ ਮਾਰਕੀਟ ਨੂੰ ਵੱਡੀ ਢਾਹ ਲਾ ਦਿੱਤੀ ਸੀ ਮਾਰੂਤੀ ਕਾਰ ਨੇ ।ਉਸ ਸਮੇਂ ਮਰੂਤੀ ਕਾਰ ਵਿੱਚ ਬੈਠਣਾ ਹਰ ਇੱਕ ਦਾ ਸੁਪਨਾ ਹੁੰਦਾ ਸੀ । ਰਾਣੋ ਵੀ ਮਾਰੂਤੀ ਕਾਰ ਦਾ ਝੂਟਾ ਲੈਣਾ ਚਾਹੁੰਦੀ ਸੀ । ਪਰ ਉਹ ਮੂੰਹੋਂ ਬੋਲ ਕੇ ਕਦੇ ਕਹਿ ਨਾ ਸਕੀ ।

ਕਦੇ -ਕਦੇ ਗੱਲ ਮੋਤੀ ਚੂਰ ਦੇ ਲੱਡੂਆਂ ਦੀ ਚੱਲ ਪੈਂਦੀ । ਸ਼ਰਮਾਂ ਤੇ ਗਿੱਲ ਤਾਂ ਖਾਈ ਬੈਠੇ ਸੀ । ਉਹ ਰਾਣੋ ਨੂੰ ਵਰਜਦੇ ਹੋਏ ਕਹਿੰਦੇ , " ਤੂੰ ਬਚਲੀਂ ਜੇ ਬਚ ਹੁੰਦਾਂ ਮੋਤੀ ਚੂਰ ਦੇ ਲੱਡੂਆਂ ਤੋਂ ।" ਰਾਣੋ ਹੇਠਲਾ ਬੁੱਲ੍ਹ ਟੁੱਕ ਕੇ ਮਿੰਨਾ ਜਿਹਾ ਮੁਸਕਰਾਉਂਦੀ । ਜਿਵੇਂ ਮੋਤੀ ਚੂਰ ਦੇ ਲੱਡੂਆਂ ਨੂੰ ਖਾਣ ਨੂੰ ਤਰਸੀ ਪਈ ਹੋਵੇ ।ਸ਼ਰਮਾਂ ਤੇ ਗਿੱਲ ਦੋਨੇ ਇੱਕੋ ਜਿਹੇ ਸਨ , ਰਾਣੋ ਦੀ ਅੱਖ ਦੀ ਰਮਜ਼ ਨਾ ਸਮਝ ਸਕੇ । ਉਹ ਤਾਂ ਬੱਸ ਸ਼ੁੱਕਰਵਾਰ ਉਡੀਕਦੇ ਦਾਰੂ ਤੇ ਨਾ਼ਲ ਮੁਰਗ਼ਾ , ਇਸ ਤੋਂ ਵੱਧ ਉਹਨਾਂ ਦਾ ਕੋਈ ਸ਼ੁੱਗਲ ਨਹੀਂ ਸੀ ।ਸ਼ੁੱਕਰਵਾਰ ਦੁਪਹਿਰ ਢ਼ਲਦੇ ਹੀ ਉਹ ਸਲਾਹਾਂ ਬਣਾਉਣ ਲੱਗ ਜਾਂਦੇ , ਕਿਹੜੀ ਲਿਆਈਏ ਫੇਰ ਅੱਜ , ਮੁਰਗ਼ਾ ਚਿੱਲੀ ਚਿਕਨ ਕੁ ਤੰਦੂਰੀ ਮੰਗਵਾਈਏ।

ਸ਼ਰਮਾਂ ਗਿੱਲ ਤੋਂ ਪੁੱਛਦਾ , " ਥੋਡੇ ਕਣਕ ਦਾ ਇੱਕ ਦਾਣਾ ਬੀਜਣ ਤੋਂ ਭਲਾ ਕਿੰਨੇ ਕੁ ਦਾਣੇ ਬਣ ਜਾਂਦੇ ਨੇ ।" ਗਿੱਲ ਹਿਸਾਬ ਲਾਂਉਦਾ ਬੋਲਿਆ " ਕਣਕ ਦੀ ਬੱਲੀ ਚੋਂ ਬੱਤੀ - ਤੇਤੀ ਕੁ ਦਾਣੇ ਤਾਂ ਨਿਕ਼ਲ ਹੀ ਆਂਉਦੇ ਨੇ ।" ਸ਼ਰਮਾਂ ਹੱਸਿਆ , " ਕਣਕ ਦੀ ਬੱਲੀ , ਮੈਂ ਤਾਂ ਇੱਕੋ ਬੱਲੀ ਸੁਣੀ ਸੀ , ਮਨਮੋਹਣ ਵਾਰਿਸ ਵਾ਼ਲੀ - ਬੱਲੀਏ ਬਣਾਂਗੇ ਝਾਂਜਰ ਤੇਰੀ ਨਾ਼ਲ - ਨਾ਼ਲ ਤੇਰੇ ਤੁਰਨਾ ।ਉਏ ਗਿੱਲਾ ਜੇ ਇੱਕ ਦੇ ਤੇਤੀ ਬਣਦੇ ਨੇ ਛੇ ਮਹੀਨੇ ਵਿੱਚ ਤਾਂ ਜੱਟ ਰੋਂਦੇ ਕਿਉਂ ਨੇ ? " ਰਾਣੋ ਨੇ ਮੱਲੋ- ਮੱਲੀ ਆਪਣੀ ਝਾਂਜਰ ਛਣਕਾਈ । " ਸ਼ਰਮਿਆਂ ਬੱਤੀ ਦਾਣੇ ਤਾਂ ਖ਼ਰਚੇ ਵਿੱਚ ਨਿਕ਼ਲ ਜਾਂਦੇ ਨੇ , ਜੱਟ ਦੇ ਪੱਲੇ ਤਾਂ ਇਕ ਦਾ ਇੱਕ ਹੀ ਰਹਿ ਜਾਂਦਾ , ਤੂੰ ਨੀ ਸਮਝੇਂਗਾ ਤੇ ਨਾ ਸਰਕਾਰਾਂ ਸਮਝ ਸਕੀਆਂ ਜੱਟਾਂ ਦੇ ਦੁੱਖ ।" ਗਿੱਲ ਇਹ ਕਹਿ ਕੇ ਕੁਰਸੀ ਦੀ ਢੋਹ ਨਾ਼ਲ ਸਿਰ ਲਾ ਕੇ ਅੱਖਾਂ ਮੀਚ ਕੇ ਡੂੰਘੀ ਸੋਚ ਵਿੱਚ ਚਲਾ ਗਿਆ ।

ਇਸ ਤਰ੍ਹਾਂ ਗੱਲਾਂ - ਬਾਤਾਂ ਦਾ ਦੌਰ ਚੱਲਦਾ ਰਹਿੰਦਾ ।ਹਾਸੇ ਮਖੌਲ ਦੇ ਨਾ਼ਲ-ਨਾ਼ਲ ਸੀਰੀਅਸ ਮਸਲੇ ਵੀ ਵਿਚਾਰੇ ਜਾਂਦੇ । ਰਾਣੋ ਨੂੰ ਨੌਕਰੀ ਤੇ ਲੱਗੀ ਨੂੰ ਛੇ ਕੁ ਮਹੀਨੇ ਹੋ ਗਏ ਸਨ । ਪੋਹ ਦਾ ਮਹੀਨਾ ਆ ਗਿਆ , ਠੰਡ ਆਪਣੇ ਪੂਰੇ ਜੋਬਨ ਤੇ ਪੈਣ ਲੱਗੀ । ਫੇਰ ਇੱਕ ਦਿਨ ਬੱਦ਼ਲ ਸੰਘਣੇ ਹੋਏ ਤੇ ਮੀਂਹ ਪੈਣ ਲੱਗ ਪਿਆ ।ਮੀਂਹ ਕਈ ਦਿਨ ਨਾ ਹਟਿਆ, ਪੋਹ ਦੇ ਮਹੀਨੇ ਦੀ ਝੜੀ ਲੱਗ ਗਈ । ਸ਼ੁੱਕਰਵਾਰ ਦਾ ਦਿਨ ਆ ਗਿਆ ਤੇ ਮੈਨੇਜਰ ਉਸ ਦਿਨ ਛੁੱਟੀ ਤੇ ਸੀ ।ਆਥਣ ਦੇ ਚਾਰ ਕੁ ਵਜੇ ਸ਼ਰਮੇ ਹੁਣਾ ਦੇ ਅੰਦਰਲੇ ਕੀੜੇ ਮੁਰਦਾਬਾਦ ਦੇ ਨਾਅਰੇ ਲਾਉਣ ਲੱਗ ਪਏ।

ਗਿੱਲ ਨੇ ਬੋਤਲ ਰਸੋਈ ਚੋ ਲਕੋਈ ਹੋਈ ਕੱਢਲੀ ਤੇ ਕੱਚ ਦੇ ਗਲਾਸ ਸਾਫ ਕੀਤੇ । ਸ਼ਰਮਾ ਥੱਲੇ ਵਾ਼ਲੇ ਢਾਬੇ ਤੋਂ ਚਿਕਨ ਫੜਕੇ ਲੈ ਆਇਆ ।

" ਚੱਲ ਗੀਤ ਮੈਂ ਲਾ ਦਿੰਨੀ ਆਂ ।" ਰਾਣੋ ਨੇ ਟੇਪ ਰਿਕਾਰਡ ਰਸੋਈ ਵਾ਼ਲੇ ਖ਼ਾਨੇ ਵਿੱਚੋਂ ਕੱਢ ਕੇ ਹੰਸ ਰਾਜ ਦੀ ਕੈਸਟ ਲਾ ਦਿੱਤੀ ।ਦਫ਼ਤਰ ਦੀ ਕੁੰਡੀ ਅੰਦਰੋਂ ਬੰਦ ਸੀ ਤੇ ਮੀਂਹ ਪੈਂਦੇ ਵਿੱਚ ਕਸਟਮਰ ਕੋਈ ਆਉਣ ਵਾਲਾ ਨੀ ਸੀ ।

ਸ਼ਰਮੇ ਤੇ ਗਿੱਲ ਨੇ ਇੱਕ - ਇੱਕ ਪੈੱਗ ਲਾਇਆ । " ਰਾਣੋ ਤੂੰ ਚੱਲ ਹੁਣ ਘਰ ਨੂੰ ਮੀਂਹ ਹਟਿਆ ਹੋਇਆ ,ਸੁੱਕੀ-ਸੁੱਕੀ ਚਲੇ ਜਾਏਂਗੀ । " ਸ਼ਰਮੇ ਨੇ ਰਾਣੋ ਨੂੰ ਕਿਹਾ ।

" ਚਲੀ ਜਾਨੀ ਆਂ , ਜਾਣਾ ਈ ਪੈਣਾ , ਤੁਸੀਂ ਲਓ ਨਜਾਰੇ ਦੋਨੇ ਜਾਣੇ ।" ਹੱਸ ਕੇ ਰਾਣੋ ਨੇ ਆਪਣਾ ਕਾ਼ਲੇ ਰੰਗ ਦਾ ਪਰਸ ਚੁੱਕ ਲਿਆ ।ਲਾਲ ਸੂਟ ਵਿੱਚ ਰਾਣੋ ਨਿਰੀ ਅੱਗ ਦੀ ਲਾਟ ਲੱਗ ਰਹੀ ਸੀ । ਗੋਰੀ ਗਰਦਨ ਦੇ ਦੁਆ਼ਲੇ ਉਹ ਕਾ਼ਲੀ ਗਾਨੀ ਪਾ ਕੇ ਰੱਖਦੀ ।

" ਗੋਰੀ ਧੌਣ ਦੁਆ਼ਲੇ ਕਾ਼ਲੀ ਗਾਨੀ ਜੱਟੀ ਦੇ " ਜਦ ਟੇਪ ਰਿਕਾਰਡ ਤੇ ਮਾਣਕ ਦਾ ਇਹ ਗੀਤ ਵੱਜਦਾ ਤਾਂ ਰਾਣੋ ਦਾ ਸੱਜਾ ਹੱਥ ਮੱਲੋ-ਮੱਲੀ ਉਸਦੀ ਕਾ਼ਲੀ ਗਾਨੀ ਤੇ ਫਿਰਨ ਲੱਗਦਾ ।

ਰਾਣੋ ਦਫ਼ਤਰ ਦੀਆਂ ਪੌੜੀਆਂ ਤੋਂ ਥੱਲੇ ਉੱਤਰੀ , ਹੇਠਾਂ ਸ਼ਰਮੇ ਦੀ ਚਮਚਮਾਉਂਦੀ ਲਾਲ ਮਰੂਤੀ ਤੇ ਉਸਦੀ ਨਜ਼ਰ ਗਈ । ਉਹ ਬੱਸ ਅੱਡੇ ਵੱਲ ਨੂੰ ਤੁਰ ਪਈ । ਬੱਸ ਅੱਡਾ ਬਹੁਤੀ ਦੂਰ ਨਹੀਂ ਸੀ , ਪੰਜ ਕੁ ਮਿੰਟ ਹੀ ਤੁਰਨਾ ਪੈਂਦਾ ਸੀ ।ਉਸਦੇ ਪਿੰਡ ਨੂੰ ਜਾਣ ਵਾ਼ਲੀ ਬੱਸ ਤੁਰਨ ਨੂੰ ਤਿਆਰ ਖੜੀ ਸੀ ।ਉਹ ਪਿਛਲੀ ਵਾਰੀ ਕੋ਼ਲ ਨੂੰ ਗਈ , ਪਿਛਲੀ ਵਾਰੀ ਕੋ਼ਲ ਵਾ਼ਲੀ ਦੋ ਸੀਟਾਂ ਵਾ਼ਲੀ ਸੀਟ ਬਿਲਕੁੱਲ ਖਾਲੀ ਸੀ । ਉਹ ਸ਼ੀਸ਼ੇ ਵਾ਼ਲੇ ਪਾਸੇ ਬੈਠ ਗਈ ।

ਉੱਧਰ ਸ਼ਰਮਾ ਤੇ ਗਿੱਲ ਪੂਰੇ ਸਰੂਰ ਚ ਮਹਾਰਾਜੇ ਬਣੇ ਬੈਠੇ ਸੀ । ਦੋ- ਦੋ ਪੈੱਗ ਲੱਗ ਚੁੱਕੇ ਸੀ । ਕਰਤਾਰ ਰਮਲੇ ਦੇ ਚੱਕਵੇਂ ਗੀਤ ਚੱਲ ਰਹੇ ਸੀ । ਥੋੜੀ ਦੇਰ ਬਾਅਦ ਦਫ਼ਤਰ ਦੇ ਦਰਵਾਜ਼ੇ ਤੇ ਕਿਸੇ ਨੇ ਠੱਕ - ਠੱਕ ਕੀਤੀ । ਸ਼ਰਮੇ ਤੇ ਗਿੱਲ ਦੇ ਭਾਅ ਦੀ ਬਣਗੀ । ਉਹ ਬੋਤਲ -ਗਲਾਸ , ਮੀਟ ਚੁੱਕ ਕੇ ਰਸੋਈ ਵਿੱਚ ਲਕੋਣ ਲਈ ਭੱਜੇ ਤੇ ਟੇਬਲ ਉੱਤੇ ਫ਼ਾਈਲਾਂ ਖੋਲ ਲਈਆਂ । " ਸ਼ਰਮੇ ਮਾਰੇ ਗਏ , ਕੌਣ ਹੋਊ ਯਾਰ , ਮੈਨੇਜਰ ਹੋਇਆ ਤਾਂ ਨੌਕਰੀ ਗਈ ਮਿੱਤਰਾ , ਬੜਾ ਅਸੂਲੀ ਆ ਉਹ ਤਾਂ । " ਗਿੱਲ ਦਾ ਮੂਤ ਨਿਕ਼ਲਣ ਵਾ਼ਲਾ ਹੋ ਗਿਆ ।

ਫੇਰ ਜ਼ੋਰ ਦੇਣੇ ਠੱਕ- ਠੱਕ ਹੋਈ । " ਖੋਲ੍ਹ ਦੇ ਆਂ ਜੀ । " ਗਿੱਲ ਦਾ ਬੋਲ ਨਾ ਨਿਕ਼ਲੇ । " ਸ਼ਰਮੇ ਖੋਲੀ ਜਾ ਕੇ ।" ਗਿੱਲ ਬਾਥਰੂਮ ਵਿੱਚ ਕੁਰਲੀ ਕਰਨ ਵੜ ਗਿਆ , ਤਾਂ ਕਿ ਪੀਤੀ ਦਾਰੂ ਦੀ ਸਮਿੱਲ ਨਾ ਆਵੇ ।

ਸ਼ਰਮੇ ਨੇ ਡਰਦੇ -ਡਰਦੇ ਨੇ ਕੁੰਡੀ ਖੋਲ੍ਹੀ ।" ਉਹ ਤੂੰ ਆ , ਸਾਨੂੰ ਤਾਂ ਹਾਰਟ ਅਟੈਕ ਕਰਾ ਦੇਣਾ ਸੀ । ਗਿੱਲਾ ਬਾਥਰੂਮ ਚ ਕੀ ਕਰਦਾਂ ਉਏ । ਲੱਗਦਾ ਸਭ ਕੁੱਛ ਨਿਕ਼ਲ ਗਿਆ ਤੇਰਾ । " ਸ਼ਰਮਾਂ ਜ਼ੋਰ ਦੇਣੇ ਹੱਸਿਆ । " ਆਜਾ ਉਏ ਬਾਹਰ , ਇਹ ਤਾਂ ਰਾਣੋ ਆਂ । ਤੂੰ ਕਾਸਤੋਂ ਮੁੜ ਆਈ ? "

" ਮੇਰੀ ਤਾਂ ਬੱਸ ਖਰਾਬ ਹੋਗੀ , ਅੱਜ ਨੀ ਜਾਣੀ ਕੋਈ , ਤੁਸੀਂ ਮੈਨੂੰ ਛੱਡ ਕੇ ਆਇਉ ਪਿੰਡ ।" ਰਾਣੋ ਸ਼ਰਮੇ ਦੇ ਕੋ਼ਲ ਨੂੰ ਹੁੰਦੀ ਬੋਲੀ ।

" ਤੂੰ ਬੋਲ ਤਾਂ ਪੈਂਦੀ , ਠੱਕ-ਠੱਕ ਕਰੀਂ ਗਈ ਆਂ, ਸਾਡੀ ਤਾਂ ਜਾਨ ਕੱਢ ਦੇਣੀ ਸੀ ।ਸਾਰੀ ਪੀਤੀ ਲਹਿਗੀ ।" ਗਿੱਲ ਬਾਥਰੂਮ ਚੋਂ ਬਾਹਰ ਨਿਕ਼ਲਦਾ ਬੋਲਿਆ ।

" ਚੱਲ ਦੁਬਾਰੇ ਪੀ ਲਓ , ਮੈਂ ਪਾ ਕੇ ਫੜਾ ਦਿੰਨੀ ਆਂ ,ਨਾ਼ਲੇ ਦੁੱਗਣਾ ਨਸ਼ਾ ਕਰੂ । " ਰਾਣੋ ਨੇ ਸ਼ਾਲ ਦੀ ਬੁੱਕ਼ਲ ਜਾਣ ਬੁੱਝ ਕੇ ਖੋਲ ਕੇ ਦੁਬਾਰੇ ਠੀਕ ਕਰਕੇ ਲਈ ।ਸ਼ਰਮੇ ਨੂੰ ਲਾਲ ਸੂਟ ਦੇ ਉੱਪਰ ਦੀ ਪਾਈ ਚਿੱਟੀ ਕੋਟੀ ਦੇ ਬਟਨ ਜਾਣੀ ਰਾਣੋ ਦਾ ਹੁਸਨ ਸਾਂਭਣ ਤੋਂ ਅਸਮਰਥ ਜਾਪੇ ।ਰਾਣੋ ਵੀ ਸਮਝ ਗਈ ਸੀ ਕਿ ਸ਼ਰਮਾਂ ਦਾਰੂ ਦੀ

(ਬਾਕੀ ਸਫਾ ਬੀ26 ਤੇ)






# ਹਸਗੁੱਲੇ

ਪ੍ਰੇਮੀ, ''ਕਿਸੇ ਨੇ ਸੱਚ ਕਿਹਾ ਹੈ ਕਿ ਚੋਰੀ ਕਰੋਗੇ ਤਾਂ ਜ਼ਿੰਦਗੀ ਭਰ ਪਛਤਾਓਗੇ।''

ਪ੍ਰੇਮਿਕਾ, ''ਸੱਚ ਹੀ ਤਾਂ ਹੈ, ਮੈਂ ਦੋ ਸਾਲ ਪਹਿਲਾਂ ਤੇਰਾ ਦਿਲ ਚੋਰੀ ਕੀਤਾ ਸੀ, ਹੁਣ ਪਛਤਾ ਰਹੀ ਹਾਂ।''

********

ਨਰਸ ਨੇ ਡਾਕਟਰ ਨੂੰ ਪੁੱਛਿਆ, ''ਤੁਸੀਂ ਮੈਨੂੰ ਇੰਨਾ ਪਿਆਰ ਕਰਦੇ ਹੋ ਤਾਂ ਫਿਰ ਵਿਆਹ ਤੋਂ ਇਨਕਾਰ ਕਿਉਂ ਕਰ ਰਹੇ ਹੋ?''

ਡਾਕਟਰ ਨੇ ਕਿਹਾ, ''ਚਾਹੁੰਦਾ ਤਾਂ ਮੈਂ ਵੀ ਇਹੋ ਹਾਂ, ਪਰ ਸੋਚਦਾ ਹਾਂ ਕਿ ਵਿਆਹ ਤੋਂ ਬਾਅਦ ਜਦੋਂ ਮੈਂ ਤੈਨੂੰ 'ਸਿਸਟਰ' ਕਹਿ ਕੇ ਸੱਦਾਂਗਾ ਤਾਂ ਲੋਕ ਕੀ ਕਹਿਣਗੇ?''

********

ਸੋਹਣ ( ਗਰਲਫਰੈਂਡ ਨੂੰ), ''ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।''

ਗਰਲਫਰੈਂਡ, ''...ਪਰ ਮੇਰੀ ਮਾਂ ਇਸ ਪਿਆ ਰ -ਮੁਹੱਬਤ ਨੂੰ ਨਹੀਂ ਸਮਝਦੀ।''

ਸੋਹਣ, ''ਮੈਂ ਤੇਰੀ ਮੰਮੀ ਨਾਲ ਥੋੜ੍ਹਾ ਪਿਆਰ ਕਰਦਾ ਹਾਂ।''

********

ਮਾਲਕਣ (ਨੌਕਰਾਣੀ ਨੂੰ), ''ਕੀ ਹੋਇਆ ਤੂੰ ਤਿੰਨ ਦਿਨਾਂ ਤੋਂ ਕੰਮ 'ਤੇ ਨਹੀਂ ਆਈ।''

ਨੌਕਰਾਣੀ, ''ਮੈਂ ਫੇਸਬੁੱਕ 'ਤੇ ਅਪਡੇਟ ਕੀਤਾ ਤਾਂ ਸੀ ਕਿ ਮੈਂ ਪਿੰਡ ਜਾ ਰਹੀ ਹਾਂ, ਤੁਹਾਡੇ ਪਤੀ ਨੇ ਕੁਮੈਂਟ ਵੀ ਕੀਤਾ ਸੀ, 'ਮਿਸ ਯੂ'।''

********

ਇੱਕ ਦਿਨ ਰਾਜਾ-ਰਾਣੀ ਨੇ ਮੋਬਾਈਲ ਦੀ ਬਜਾਏ ਸੰਦੇਸ਼ ਭੇਜਣ ਲਈ ਕਬੂਤਰ ਇਸਤੇਮਾਲ ਕਰਨ ਦਾ ਫੈਸਲਾ ਕੀਤਾ।

ਅਗਲੇ ਦਿਨ ਕਬੂਤਰ ਬਿਨਾਂ ਹੀ ਸੰਦੇਸ਼ ਰਾਜੇ ਦੇ ਕੋਲ ਪੁੱਜਾ, ਉਸ ਨੇ ਗੁੱਸੇ ਵਿੱਚ ਰਾਣੀ ਨੂੰ ਬੁਲਾਇਆ ਅਤੇ ਇਸ ਦੀ ਵਜ੍ਹਾ ਪੁੱਛੀ।

ਰਾਣੀ, ''ਤੁਸੀਂ ਤਾਂ ਕਝ ਸਮਝਦੇ ਹੀ ਨਹੀਂ, ਇਹ ਮਿਸ ਕਾਲ ਸੀ।''

********

ਬੰਧੂ ਦੀ ਘਰ ਵਾਲੀ ਦਾ ਰੰਗ ਬਹੁਤ ਕਾਲਾ ਸੀ।

ਇੱਕ ਦਿਨ ਉਸ ਨੇ ਸੰਤਰੀ ਰੰਗ ਦੀ ਸਾੜ੍ਹੀ ਪਾਈ ਤੇ ਪੁੱਛਿਆ, ''ਦੇਖੋ ਜੀ, ਕਿਸ ਤਰ੍ਹਾਂ ਲੱਗਦੀ ਹਾਂ ਮੈਂ?''

ਬੰਧੂ, ''ਇਸ ਤਰ੍ਹਾਂ ਜਿਵੇਂ ਸੁਰਮੇ ਦੀ ਫੈਕਟਰੀ 'ਚ ਅੱਗ ਲੱਗ ਗਈ ਹੋਵੇ।''

********

ਇੱਕ ਪਿਤਾ ਆਪਣੇ ਬੇਟੇ ਦੀਆਂ ਸ਼ਰਾਰਤਾਂ ਤੋਂ ਬਹੁਤ ਪ੍ਰੇਸ਼ਾਨ ਸੀ, ਜਿਹੜਾ ਹਮੇਸ਼ਾ ਕੰਪਿਊਟਰ 'ਤੇ ਗੇਮਾਂ ਖੇਡਦਾ ਰਹਿੰਦਾ ਸੀ।

ਇੱਕ ਦਿਨ ਪੜ੍ਹਾਈ ਤੇ ਹੋਮਵਰਕ ਕਰਨ ਲਈ ਉਸ ਨੂੰ ਪ੍ਰੇਰਿਤ ਕਰਦੇ ਹੋਏ ਉਸ ਦੇ ਪਿਤਾ ਨੇ ਕਿਹਾ, ''ਜਦ ਅਬਰਾਹਮ ਲਿੰਕਨ ਤੇਰੀ ਉਮਰ ਦਾ ਸੀ ਤਾਂ ਉਹ ਲੱਕੜੀਆਂ ਦੀ ਅੱਗ ਬਾਲ ਕੇ ਉਸ ਦੇ ਸਾਹਮਣੇ ਪੜ੍ਹਾਈ ਕਰਦਾ ਹੁੰਦਾ ਸੀ।''

ਬੱਚੇ ਨੇ ਜਵਾਬ ਦਿੱਤਾ, ''ਜਦ ਲਿੰਕਨ ਤੁਹਾਡੀ ਉਮਰ ਦੇ ਸਨ ਤਾਂ ਅਮਰੀਕਾ ਦੇ ਰਾਸ਼ਟਰਪਤੀ ਸਨ।''

********

ਇੱਕ ਕੰਜੂਸ ਨੇ ਮਠਿਆਈ ਦੀ ਦੁਕਾਨ ਖੋਲ੍ਹੀ ਅਤੇ ਨੌਕਰ ਲਈ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ...

''ਇੱਕ ਨੌਕਰ ਦੀ ਜ਼ਰੂਰਤ ਹੈ, ਪਰ ਸਿਰਫ ਸ਼ੂਗਰ ਦੇ ਮਰੀਜ਼ ਹੀ ਆਉਣ।''

********

ਨਿਸ਼ਾ (ਪਾਪਾ ਨੂੰ), ''ਪਾਪਾ, ਤੁਸੀਂ ਜਾਣਦੇ ਹੋ ਕਿਮੈਂ ਆਪਣਾ ਜਨਮ ਦਿਨ ਕਿਉਂ ਮਨਾਉਂਦੀ ਹਾਂ?''

ਪਾਪਾ, ''ਦੱਸ।''

ਨਿਸ਼ਾ, ''ਇਸ ਲਈ ਕਿ ਇਸ ਦਿਨ ਸਭ ਨੂੰ ਕੇਕ ਖਾਣ ਲਈ ਮਿਲਦਾ ਹੈ।''

********

ਪੁਲਸ, ''ਤੇਰਾ ਦੋਸਤ ਕਿਵੇਂ ਮਰਿਆ?''

ਸੁਰਜੀਤ, ''ਪਤਾ ਨਹੀਂ, ਉਹ ਕਹਿਣ ਲੱਗਿਆ ਕਿ ਮੇਰੇ ਪੇਟ ਵਿੱਚ ਚੂਹੇ ਕੁੱਦ ਰਹੇ ਹਨ ਤਾਂ ਮੈਂ ਉਸ ਨੂੰ ਚੂਹੇ ਮਾਰਨ ਵਾਲੀ ਦਵਾਈ ਪਿਲਾ ਦਿੱਤੀ।''

********

ਪਤੀ, ''ਜਦੋਂ ਮੈਂ ਚੰਗੇ ਕੱਪੜੇ ਪਾ ਕੇ ਬਾਜ਼ਾਰ ਜਾਂਦਾ ਹਾਂ ਤਾਂ ਸਬਜ਼ੀ ਵਾਲੇ ਸਬਜ਼ੀ ਮਹਿੰਗੀ ਦਿੰਦੇ ਹਨ ਤੇ ਜਦੋਂ ਮੈਲੇ ਕੱਪੜੇ ਪਾ ਕੇ ਜਾਂਦਾ ਹਾਂ ਤਾਂ ਸਬਜ਼ੀ ਸਸਤੀ ਮਿਲਦੀ ਹੈ?''

ਪਤਨੀ, ''ਤੁਸੀਂ ਕੌਲਾ ਲੈ ਕੇ ਜਾਇਆ ਕਰੋ, ਸਬਜ਼ੀ ਮੁਫਤ ਮਿਲ ਜਾਵੇਗੀ।''

********

ਪਿਤਾ (ਪੁੱਤਰ ਨੂੰ), ''ਬੇਟਾ, ਜੇ ਸਹੁਰੇ ਘਰ ਵਾਲੇ ਬਾਈਕ ਦੇਣ ਤਾਂ ਕਾਰ ਮੰਗੀਂ, ਪਲਾਟ ਦੇਣ ਦਾ ਫਲੈਟ ਮੰਗੀ...।''

ਬੇਟਾ, ''ਪਾਪਾ, ਜੇ ਉਹ ਕੁੜੀ ਦੇਣਗੇ ਤਾਂ ਮੈਂ ਕੁੜੀ ਦੀ ਮਾਂ ਮੰਗ ਲਵਾਂਗਾ।''

********

ਜੋਤਸ਼ੀ ਮੁੰਡੇ ਦਾ ਹੱਥ ਦੇਖ ਕੇ ਬੋਲਿਆ, ''ਬੇਟਾ, ਤੂੰ ਬਹੁਤ ਪੜ੍ਹੇਂਗਾ।''

ਮੁੰਡਾ, ''ਮਹਾਰਾਜ! ਪੜ੍ਹ ਤਾਂ ਕਈ ਸਾਲਾਂ ਤੋਂ ਰਿਹਾ ਹਾਂ, ਤੁਸੀਂ ਇਹ ਦੱਸੋ ਕਿ ਮੈਂ ਪਾਸ ਕਦੋਂ ਹੋਵਾਂਗਾ।''

********

ਇੱਕ ਸ਼ਰਾਬੀ ਸੜਕ ਕੰਢੇ ਬਹੁਤ ਜ਼ਿਆਦਾ ਪੀਣ ਕਾਰਨ ਬੇਸੁੱਧ ਜਿਹਾ ਪਿਆ ਸੀ।

ਇੱਕ ਭਲੇ ਆਦਮੀ ਨੇ ਉਸ ਕੋਲ ਆ ਕੇ ਪੁੱਛਿਆ, ''ਆਖਰ ਇੰਨੀ ਜ਼ਿਆਦਾ ਪੀਣ ਦੀ ਕੀ ਲੋੜ ਸੀ?''

ਸ਼ਰਾਬੀ, ''ਮਜਬੂਰੀ ਸੀ, ਪੀਣ ਤੋਂ ਇਲਾਵਾ ਹੋਰ ਕੋਈ ਚਾਰਾ ਹੀ ਨਹੀਂ ਸੀ।''

ਭਲਾ ਆਦਮੀ, ''ਆਖਰ ਅਜਿਹੀ ਕੀ ਮਜਬੂਰੀ ਹੋ ਗਈ ਸੀ?''

ਸ਼ਰਾਬੀ, ''ਬੋਤਲ ਦਾ ਢੱਕਣ ਗੁਆਚ ਗਿਆ ਸੀ।''

********

ਸਿੰਗਲਾ, ''ਮੈਂ ਦੁਨੀਆ ਦੇ ਹਰ ਤਰ੍ਹਾਂ ਦੇ ਹਸਪਤਾਲਾਂ ਵਿੱਚ ਹੋ ਕੇ ਆਇਆ ਹਾਂ।

ਸੁਮਿਤ, ''ਨਹੀਂ, ਤੂੰ ਅਜੇ ਤੱਕ ਇਕ ਹਸਪਤਾਲ ਵਿੱਚ ਨਹੀਂ ਗਿਆ ਹੋਵੇਂਗਾ।''

ਸਿੰਗਲਾ, ''ਹੋ ਹੀ ਨਹੀਂ ਸਕਦਾ, ਤੂੰ ਉਸ ਹਸਪਤਾਲ ਦਾ ਨਾਂ ਦੱਸ।''

ਸੁਮਿਤ, ''ਜ਼ਨਾਨਾ ਹਸਪਤਾਲ।''

ਸਿੰਗਲਾ, ''ਮੈਂ ਉਥੇ ਵੀ ਸੀ।''

ਸੁਮਿਤ, ''ਅੱਛਾ ਉਹ ਕਿਵੇਂ?''

ਸਿੰਗਲਾ, ''ਓ ਯਾਰਾ! ਉਥੇ ਹੀ ਤਾਂ ਮੈਂ ਪੈਦਾ ਹੋਇਆ ਸੀ।''

********

ਡਾਕਟਰ (ਮਰੀਜ਼ ਦੇ ਦੋਸਤ ਨੂੰ), 'ਜੇ ਇਕ ਘੰਟਾ ਪਹਿਲਾਂ ਇਸ ਨੂੰ ਲੈ ਆਉਂਦੇ ਤਾਂ ਇਸ ਨੂੰ ਬਚਾ ਲੈਂਦੇ।''

ਮਰੀਜ਼ ਦਾ ਦੋਸਤ, ''ਓ ਡਾਕਟਰ ਸਾਹਿਬ, 15 ਮਿੰਟ ਪਹਿਲਾਂ ਤਾਂ ਐਕਸੀਡੈਂਟ ਹੋਇਆ ਹੈ।''

********

ਮਹਿੰਦਰ, ''ਯਾਰ! ਮੈਨੂੰ ਉਸ ਕੁੜੀ ਤੋਂ ਬਚਾ।''

ਵਿਨੋਦ, ''ਕਿਉਂ?''

ਮਹਿੰਦਰ, ''ਜਦੋਂ ਤੋਂ ਮੈਂ ਕਿਹਾ ਹੈ ਕਿ ਦਿਲ ਚੀਰ ਕੇ ਦੇਖ, ਇਸ ਵਿੱਚ ਤੇਰਾ ਹੀ ਨਾਂ ਲਿਖਿਆ ਹੋਵੇਗਾ, ਸਾਲੀ ਚਾਕੂ ਲੈ ਕੇ ਮੇਰੇ ਪਿੱਛੇ ਹੀ ਪੈ ਗਈ ਹੈ।''

********


GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All

SINGH THIND & ASSOCIATES
#208, 7110 120 Street, Surrey, BC

"ਆਪਣੇ ਭਾਈਚਾਰੇ ਦਾ ਮਾਣ"


*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits



AMANDEEP SINGH
JUSTIN S. THIND

604.543.3886

SINGH THIND & ASSOCIATES
BARRISTERS & SOLICITORS

(ਸਫਾ ਬੀ24 ਦੀ ਬਾਕੀ)

ਪੂਰੀ ਲੋਰ ਵਿੱਚ ਸੀ । ਲੋਹਾ ਪੂਰਾ ਗਰਮ ਸੀ ਤੇ ਬਾਹਰ ਮੀਂਹ ਪੂਰੇ ਜ਼ੋਰ ਨਾਲ਼ ਪੈ ਰਿਹਾ ਸੀ ।ਰਾਣੋ ਅੱਜ ਘਰੇ ਸੁੱਕੀ ਨੀ ਜਾਣਾ ਚਾਹੁੰਦੀ ਸੀ , ਤਾਂ ਹੀ ਤਾਂ ਬੱਸ ਵਿੱਚੋਂ ਬੈਠੀ-ਬੈਠੀ ਉੱਤਰ ਆਈ ਸੀ ।

ਰਾਣੋ ਨੇ ਬੋਤਲ , ਗਿਲਾਸ ਤੇ ਚਿੱਕਨ ਵਾਲ਼ੀ ਪਲੇਟ ਦੁਬਾਰੇ ਟੇਬਲ ਉੱਤੇ ਲਿਆ ਕੇ ਟਿੱਕਾ ਦਿੱਤੀ । " ਲਾਓ ਪੈੱਗ ਤੇ ਲਓ ਨਜਾਰੇ , ਉਹ ਆਪ ਭੁੱਜੀਏ ਵਾਲ਼ੀ ਪਲੇਟ ਲਿਆ ਕੇ ਦੋਨਾਂ ਦੇ ਵਿਚਾਲੇ ਖਾਣ ਬੈਠ ਗਈ ਤੇ ਨਾਲ਼ੇ ਹੱਸਦੀ ਹੋਈ ਬੋਲੀ , " ਮੇਰਾ ਤਾਂ ਬੱਸ ਇਹਦੇ ਨਾਲ਼ ਹੀ ਸਰ ਜਾਣਾ ।" ਬੱਸ ਏਨੇ ਕੁ ਨਾਲ਼ ਸਰ ਜਾਊ ਤੇਰਾ। ," ਸ਼ਰਮਾਂ ਅੱਜ ਰਾਣੋ ਦੇ ਬਦਲੇ ਹੋਏ ਰੰਗ - ਢੰਗ ਦੇਖ ਰਿਹਾ ਸੀ ।" ਸਾਰਨਾ ਈ ਪੈਣਾ। " ਲੰਬਾ ਸਾਹ ਲੈਂਦੀ ਹੋਈ ਰਾਣੋ ਕਿਸੇ ਹੋਰ ਸਟੇਸ਼ਨ ਤੋਂ ਬੋਲੀ ।

" ਗਿੱਲਾ , ਪਾ ਪੈੱਗ ਯਾਰ , ਇਹਨੂੰ ਘਰੇ ਵੀ ਛੱਡਣਾ , ਤੁਰੀਏ ਫੇਰ ਟਾਈਮ ਨਾਲ਼ ।"

" ਏਡੀ ਵੀ ਕਾਹਦੀ ਕਾਹ਼ਲੀ ਆ , ਤੁਸੀਂ ਪੀਓ ਅਰਾਮ ਨਾਲ਼ , ਘਰੇ ਈ ਜਾਣਾ ਘੰਟਾ ਲੇਟ ਚਲੇ ਜਾਊਂ , ਬੀਬੀ ਨੂੰ ਕਹਿ ਦੂੰ ਦਫ਼ਤਰ ਕੰਮ ਜ਼ਿਆਦਾ ਸੀ ।" ਰਾਣੋ ਗੋਰੀ ਗਰਦਨ ਦੁਆਲ਼ੇ ਪਾਈ ਕਾਲ਼ੀ ਗਾਨੀ ਉੱਤੇ ਹੱਥ ਫੇਰਦੀ ਹੋਈ ਬੋਲੀ ।ਸ਼ਰਮਾਂ , ਰਾਣੋ ਦੀਆਂ ਹਰਕਤਾਂ ਮਹਿਸੂਸ ਕਰ ਰਿਹਾ ਸੀ ਤੇ ਗਿੱਲ ਮੁਰਗ਼ੇ ਦੀ ਲੱਤ ਚੂੰਡਣ ਵਿੱਚ ਮਸਰੂਫ ਸੀ ।ਫੇਰ ਰਾਣੋ ਨੇ ਕੁਰਸੀ ਨਾਲ਼ ਢੋਹ ਲਾ ਕੇ ਲੰਬਾ ਸਾਹ ਲਿਆ । ਹਿੱਕ ਦੇ ਉਭਾਰ ਉਤਾਹਾਂ ਨੂੰ ਉੱਭਰੇ ਤਾਂ ਸ਼ਰਮੇ ਨੂੰ ਲੱਗਿਆ ਜਿਵੇਂ ਕਿ ਚਿੱਟੀ ਕੋਟੀ ਦੇ ਬਟਨ ਟੁੱਟਣ ਤੋਂ ਮਸਾਂ ਹੀ ਬਚੇ ਹੋਣ ।ਰਾਣੋ ਵੀ ਭਾਂਪ ਚੁੱਕੀ ਸੀ ਕਿ ਸ਼ਰਮਾਂ ਕੀ ਸੋਚ ਰਿਹਾ । ਰਾਣੋ ਨੇ ਦੋਨੇਂ ਬੁੱਲ੍ਹ ਘੁੱਟ ਕੇ ਨਜ਼ਰ ਸ਼ਰਮੇ ਨਾਲ਼ ਮਿ਼ਲਾਈ ਤੇ ਸ਼ਰਮੇ ਨੇ ਨਿਗ੍ਹਾ ਗਿੱਲ ਵੱਲ ਨੂੰ ਘੁੰਮਾਂ ਕੇ ਰਾਣੋ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ।

" ਗਿੱਲ ਸਾਹਬ , ਬੋਤਲ ਅਜੇ ਅੱਧੀ ਵੀ ਨੀ ਮੁੱਕੀ , ਕਰੋ ਵਿਚਾਰੀ ਨੂੰ ਖਾਲੀ ।" ਕਹਿ ਕੇ ਰਾਣੋ ਹੱਸ ਪਈ ।

" ਤੂੰ ਪਾ ਕੇ ਦੇਹ ਗਿੱਲ ਨੂੰ , ਤਾਂ ਕਰੂ ਨਸ਼ਾ ।" ਸ਼ਰਮੇ ਨੇ ਰਾਣੋ ਨੂੰ ਅੱਖ ਮਾਰ ਕੇ ਕਿਹਾ ।

ਰਾਣੋ ਸਮਝ ਗਈ । ਉਸਨੇ ਪੌਣਾ ਗਿਲਾਸ ਭਰਤਾ ਕੱਲੀ ਦਾਰੂ ਦਾ । " ਬੱਸ -ਬੱਸ , ਪਾਣੀ ਪਾਉਣ ਜੋਗੀ ਥਾਂ ਤਾਂ ਰੱਖਲਾ ।" ਗਿੱਲ ਨੇ ਰਾਣੋ ਦਾ ਹੱਥ ਫੜ ਕੇ ਰੋਕਿਆ ।

" ਸਵਾਦ ਫੇਰ ਆਊ ਜੇ ਇੱਕੋ ਸਾਹ ਖਾਲੀ ਕਰਕੇ ਦਿਖਾਵੇਂ , ਗਿੱਲਾ ।" ਸ਼ਰਮੇ ਨੇ ਸੱਜੇ ਹੱਥ ਦੀ ਉਂਗ਼ਲ ਕਰਕੇ ਗਿੱਲ ਨੂੰ ਰਾਣੋ ਦੇ ਸਾਹਮਣੇ ਵੰਗਾਰਿਆ ।

" ਉਏ ਰਿਹਾ ਨਾ ਬਾਣੀਏ ਦਾ ਬਾਣੀਆਂ , ਤੂੰ ਰਾਣੋ ਪੂਰਾ ਭਰਦੇ ਗਿਲਾਸ ਪੂਰਾ ਪੀ ਕੇ ਦਿਖਾਊ , ਸੁੱਕੀ ਦਾ ।" ਗਿੱਲ ਨੇ ਦੋ ਵਾਰੀ ਮੁੱਕੀ ਜ਼ੋਰ ਦੇਣੇ ਮੇਜ਼ ਤੇ ਮਾਰਦਿਆਂ ਕਿਹਾ ।

ਦਾਰੂ ਦਾ ਭਰਿਆ ਗਿਲਾਸ ਗਿੱਲ ਨੇ ਇੱਕੋ ਸਾਹੇ ਅੰਦਰ ਸਿੱਟ ਲਿਆ । ਪੰਜ ਕੁ ਮਿੰਟ ਬਾਅਦ ਗਿੱਲ ਕੁਰਸੀ ਤੇ ਲੁੱਟਕ ਗਿਆ । ਸ਼ਰਮਾਂ ਤੇ ਰਾਣੋ ਬਾਂਹਾਂ ਤੋਂ ਫੜ ਕੇ ਗਿੱਲ ਨੂੰ ਸੋਫ਼ੇ ਤੇ ਪਾਉਣ ਲੱਗੇ ਤਾਂ ਗਿੱਲ ਮੂਧਾ ਸੋਫ਼ੇ ਤੇ ਡਿੱਗ ਪਿਆ ।

ਗਿੱਲ ਨੂੰ ਛੱਡ ਕੇ ਸ਼ਰਮੇ ਨੇ ਰਾਣੋ ਨੂੰ ਜੱਫੀ ਵਿੱਚ ਘੁੱਟ ਲਿਆ ।

" ਆਜਾ ਹੁਣ ਤੇਰੀ ਬੱਸ ਠੀਕ ਕਰੀਏ ।ਜਿਹੜੀ ਤੂੰ ਸਾਡੀ ਭਾਜੜ ਪਵਾਈ ਆ ।" ਬੱਸ ਖਰਾਬ ਹੋਣ ਵਾਲ਼ੀ ਕਹਾਣੀ ਸ਼ਰਮੇ ਦੇ ਸਮਝ ਆ ਚੁੱਕੀ ਸੀ ।

ਕੁਝ ਦੇਰ ਬਾਅਦ ਗਿੱਲ ਨੂੰ ਸੁਰਤ ਆਈ , ਪਏ - ਪਏ ਨੇ ਇੱਧਰ - ਉੱਧਰ ਦੇਖਿਆ । ਨਾ ਰਾਣੋ ਦਿੱਖੀ ਤੇ ਨਾ ਸ਼ਰਮਾਂ ।

" ਚਲੇ ਗਿਆ ਸ਼ਰਮਾਂ ਰਾਣੋ ਨੂੰ ਛੱਡਣ , ਜੇ ਮੈਨੂੰ ਵੀ ਲੈ ਜਾਂਦਾ ਤਾਂ ਚੰਗਾ ਸੀ ।" ਗਿੱਲ ਆਪਣੇ - ਆਪ ਨਾਲ਼ ਗੱਲ ਕਰਕੇ ਬਾਥਰੂਮ ਵਿੱਚ ਚਲਾ ਗਿਆ । ਬਾਹਰ ਮੀਂਹ ਲਗਾਤਾਰ ਪੈ ਰਿਹਾ ਸੀ । ਗਿੱਲ ਬਾਥਰੂਮ ਵਿੱਚੋਂ ਨਿਕਲ਼ਿਆ ਉਸਨੇ ਟੇਬਲ ਤੇ ਪਏ ਬੋਤਲ ਤੇ ਗਿਲਾਸ ਚੁੱਕ ਕੇ ਰਸੋਈ ਦੇ ਖ਼ਾਨੇ ਵਿੱਚ ਰੱਖ ਦਿੱਤੇ । ਆਪਣਾ ਰੋਟੀ ਵਾਲ਼ਾ ਡੱਬਾ ਘਰ ਜਾਣ ਲਈ ਚੁੱਕਿਆ ਤੇ ਦਫ਼ਤਰ ਨੂੰ ਜ਼ਿੰਦਾ ਲਾਉਣ ਵਾਲ਼ੀ ਚਾਬੀ ਟੇਬਲ ਦੀ ਦਰਾਜ਼ ਵਿੱਚੋਂ ਬਾਹਰ ਕੱਢ ਲਈ । ਤੁਰਨ ਲੱਗਿਆ ਤਾਂ ਉਸਦੀ ਨਜ਼ਰ ਸੋਫ਼ੇ ਦੇ ਇੱਕ ਪਾਸੇ ਲਾਹੀ ਪਈ ਰਾਣੋ ਦੀ ਚਿੱਟੀ ਕੋਟੀ ਤੇ ਚਲੇ ਗਈ ।

" ਕੋਟੀ ਨੀ ਪਾ ਕੇ ਗਈ ।" ਇਹ ਸੋਚਦਿਆਂ ਗਿੱਲ ਦਾ ਦਿਮਾਗ ਇੱਕ - ਦਮ ਘੁੰਮਿਆ । " ਸ਼ਰਮੇ !" ਗਿੱਲ ਨੇ ਸਾਰਾ ਜ਼ੋਰ ਲਾ ਕੇ ਵਾਜ ਮਾਰੀ ।

" ਹੂੰਅ , ਗਿੱਲਾ ਉੱਠ ਖੜਿਆ ਤੂੰ ? "

ਸ਼ਰਮਾ ਮੈਨੇਜਰ ਦੇ ਕਮਰੇ ਚੋਂ ਬੋਲਿਆ ।

ਮੈਨੇਜਰ ਦੇ ਕਮਰੇ ਦਾ ਬੂਹਾ ਖੁੱਲ੍ਹਿਆ ਤੇ ਸ਼ਰਮਾ ਬਾਹਰ ਆ ਗਿਆ । ਜਵਾਰ-ਭਾਟੇ ਪਿੱਛੋਂ ਦਫ਼ਤਰ ਵਿੱਚ ਆਈ ਸ਼ਾਂਤੀ ਦਾ ਰਾਜ ਗਿੱਲ ਸਮਝ ਚੁੱਕਿਆ ਸੀ ।

" ਤੂੰ ਕੁੜੀ ਦੀ ਮਜਬੂਰੀ ਦਾ ਨਾਜਾਇਜ਼ ਫ਼ਾਇਦਾ ਚੁੱਕਿਆ!" ਗਿੱਲ ਸ਼ਰਮੇ ਦੇ ਕੋਲ਼ ਨੂੰ ਤੇਜ਼ੀ ਨਾਲ਼ ਵਧਿਆ , ਤਾਂ ਉਸਦੇ ਥੱਪੜ ਮਾਰਨ ਸੀ ਪਰ ਉਹ ਲਿਹਾਜ਼ ਕਰ ਗਿਆ । ਉਸਨੇ ਜ਼ੋਰ ਦੇਣੀ ਫੜ ਕੇ ਸ਼ਰਮੇ ਦਾ ਮੋਢਾ ਹਲੂਣਿਆ ।

" ਮੈਂ ਕਾਹਨੂੰ ਫ਼ਾਇਦਾ ਚੁੱਕਿਆ , ਮੁੜ ਕੇ ਤਾਂ ਉਹ ਆਈ ਆ , ਬੱਸ ਖਰਾਬ ਹੋਣ ਦਾ ਬਹਾਨਾ ਬਣਾ ਕੇ । " ਸ਼ਰਮੇ ਨੇ ਗਿੱਲ ਦਾ ਹੱਥ ਮੋਢੇ ਤੋਂ ਫੜ ਕੇ ਥੱਲੇ ਕੀਤਾ ।

" ਅੱਛਾ ! , ਏਨੀ ਅੱਗ ਲੱਗੀ ਆ ਸਾਲ਼ੀ ।ਚੱਲ ਹੁਣ ਮਾਰ ਵਾਜ ਉਹਨੂੰ ਬਾਹਰ , ਘਰ ਨੀ ਛੱਡ ਕੇ ਆਉਣਾ ? "

" ਰਾਣੋ , ਇਹ ਰਾਣੋ ।" ਸ਼ਰਮੇ ਨੇ ਦੋ- ਤਿੰਨ ਵਾਜਾਂ ਮਾਰੀਆਂ , ਪਰ ਉਹ ਅੰਦਰੋਂ ਨਾ ਬੋਲੀ ।

" ਰਾਣੋ , ਰਾਣੋ ," ਕਹਿੰਦਾ ਹੋਇਆ ਗਿੱਲ , ਮੈਨੇਜਰ ਦੇ ਕਮਰੇ ਦੇ ਦਰਵਾਜ਼ੇ ਕੋਲ਼ ਚਲਾ ਗਿਆ । ਨਿਸ਼ਲ ਹੋਇਆ ਸ਼ਰਮਾ , ਬਾਹਰਲੇ ਸੋਫ਼ੇ ਤੇ ਪੈ ਗਿਆ ।

" ਹਾਂ ਜੀ ਆਜੋ ।" ਸਿੰਗਲ ਬੈੱਡ ਤੇ ਲੰਬੀ ਪਈ ਰਾਣੋ ਉੱਠ ਕੇ ਬੈਠ ਗਈ ।ਆਥਣ ਦਾ ਮੂੰਹ ਹਨੇਰਾ ਹੋਣ ਕਰਕੇ , ਚਾਨਣ ਵਿੱਚੋਂ ਆਏ ਗਿੱਲ ਨੂੰ ਕਮਰੇ ਵਿੱਚ ਕੁਝ ਦਿਖਾਈ ਨੀ ਸੀ ਦੇ ਰਿਹਾ । ਉਹ ਲਾਈਟ ਜਗਾਉਣ ਲਈ ਸਵਿੱਚ ਕੋਲ਼ ਨੂੰ ਗਿਆ ।

" ਨਾ ਲਾਈਟ ਨਾ ਜਗਾਉ ।" ਰਾਣੋ ਨੇ ਬੈੱਡ ਤੋਂ ਉੱਠ ਕੇ ਗਿੱਲ ਦਾ ਹੱਥ ਫੜ ਲਿਆ ।

ਥੋੜੀ ਦੇਰ ਬਾਅਦ ਸੋਫ਼ੇ ਤੇ ਪਏ ਸ਼ਰਮੇ ਨੂੰ ਰਾਣੋ ਦੀਆਂ ਝਾਂਜਰਾਂ ਦੀ ਮਿੱਠੀ- ਮਿੱਠੀ ਛਣਕਾਰ ਸੁਣਾਈ ਦੇਣ ਲੱਗੀ ।ਹੌਲ਼ੀ - ਹੌਲ਼ੀ ਝਾਂਜਰਾਂ ਦੀ ਛਣਕਾਰ ਤੇਜ ਹੁੰਦੀ ਗਈ ਤੇ ਰਾਣੋ ਦੀਆਂ ਮਿੱਠੀਆਂ - ਮਿੱਠੀਆਂ ਸਿਸਕੀਆਂ ਸ਼ਰਮੇ ਨੂੰ ਸੋਫ਼ੇ ਤੇ ਪਏ ਨੂੰ ਆਨੰਦ ਦੇਣ ਲੱਗੀਆਂ।

" ਗਿੱਲ ਤਾਂ ਝਾਂਜਰਾਂ ਤੋੜ ਕੇ ਈ ਹਟੂ , ਮੈਨੂੰ ਲੱਗਦਾ ,ਵੱਡੀ ਮਜਾਜਣ ਦੀਆਂ।" ਸ਼ਰਮਾ ਆਪਣੇ -ਆਪ ਨਾਲ਼ ਗੱਲ ਕਰਕੇ ਥੋੜਾ ਹੱਸਿਆ ।

ਥੋੜੀ ਦੇਰ ਬਾਅਦ ਸ਼ਾਂਤੀ ਹੋਈ ਤਾਂ ਗਿੱਲ ਬਾਹਰ ਆਇਆ ।ਸ਼ਰਮੇ ਨਾਲ਼ ਗਿੱਲ ਅੱਖ ਜਿਹੀ ਨਾ ਮਿ਼ਲਾਵੇ। "ਇਹ ਤਾਂ ਵੱਡੇ - ਵੱਡੇ ਰਿਸ਼ੀਆਂ ਦੀ ਤਪੱਸਿਆ ਭੰਗ ਕਰ ਦਿੰਦੀਆਂ ਨੇ , ਆਪਾਂ ਤਾਂ ਕੀਹਦੇ ਪਾਣੀਹਾਰ ਆਂ।" ਗਿੱਲ ਨੇ ਆਪਣੇ - ਆਪ ਹੀ ਸਫਾਈ ਪੇਸ਼ ਕੀਤੀ ।" ਉਹ ਤਾਂ ਅਜੇ ਵੀ ਨੀ ਆਈ ਬਾਹਰ।" ਸ਼ਰਮਾਂ ਬੋਲਿਆ ।

" ਚੱਲ ਦੁਬਾਰੇ ਜਾਅ ਫੇਰ ਅੰਦਰ , ਹੁਣ ਤਾਂ ਹੋ ਗਿਆ ਹੋਏਂਗਾ ਥਾਂ ਸਿਰ ।" ਗਿੱਲ ਨੇ ਮਸ਼ਕਰੀ ਕੀਤੀ ।

" ਮੈ ਚਿੜੇ ਖਾਧੇ ਹੋਏ ਨੇ , ਗੱਲਾਂ ਕੀ ਕਰਦਾ ।ਰਾਣੋ , ਆਜਾ ਬਾਹਰ ਘਰ ਨੀ ਜਾਣਾ ।" ਸ਼ਰਮੇ ਨੇ ਉੱਚੀ ਦੇਣੀ ਹਾਕ ਮਾਰੀ।ਰਾਣੋ ਸੂਟ ਦੇ ਵ਼ਲ ਜਿਹੇ ਠੀਕ ਕਰਦੀ ਹੋਈ ਬਾਹਰ ਆ ਗਈ ।

"ਬਾਹਰ ਤਾਂ ਜਮਾਂ ਨੇਰਾ ਹੋ ਗਿਆ।ਚੱਲੋ ਛੇਤੀ ਕਰੋ। ਛੱਡ ਕੇ ਆਉ ਮੈਨੂੰ।" ਰਾਣੋ ਨੇ ਫ਼ਟਾਫ਼ਟ ਕੋਟੀ ਪਾਈ, ਪਰਸ ਚੱਕਿਆ ਤੇ ਉਨ੍ਹਾਂ ਦੇ ਮੂਹਰੇ - ਮੂਹਰੇ ਬਾਹਰਲੇ ਦਰਵਾਜ਼ੇ ਵੱਲ ਨੂੰ ਤੁਰ ਪਈ ।ਮਗਰ ਤੁਰੇ ਜਾਂਦੇ ਸ਼ਰਮਾਂ ਤੇ ਗਿੱਲ ਇੱਕੋ ਗੱਲ ਹੀ ਸੋਚ ਰਹੇ ਸੀ।

"ਯਾਰ ਇਹਨੂੰ ਕੋਈ ਫਰਕ ਏ ਈ ਨੀ ਲੱਗਦਾ ਕੋਈ" ਸ਼ਰਮੇ ਨੇ ਮਰੂਤੀ ਸਟਾਰਟ ਕੀਤੀ।ਗਿੱਲ ਪਿਛਲੀ ਸੀਟ ਤੇ ਰਾਣੋ ਨੂੰ ਬੁੱਕ਼ਲ ਵਿੱਚ ਲੈ ਕੇ ਬੈਠ ਗਿਆ ।ਅੱਧੇ ਕੁ ਘੰਟੇ ਵਿੱਚ ਉਹ ਰਾਣੋ ਦੇ ਪਿੰਡ ਪਹੁੰਚ ਗਏ । ਪਿੰਡ ਵਾਲ਼ੀ ਲਿੰਕ ਰੋਡ ਤੇ ਕਾਰ ਮੁੜੀ ਤਾਂ ਗਿੱਲ ਕਾਰ ਦੀ ਮੂਹਰਲੀ ਸੀਟ ਤੇ ਚਲੇ ਗਿਆ। ਕਾਰ ,ਰਾਣੋ ਦੇ ਘਰ ਦੇ ਬਾਹਰ ਗੇਟ ਕੋਲ਼ ਖੜੀ ਕਰਤੀ। ਰਾਣੋ ਦੀ ਮਾਂ ਨੇ ਆ ਕੇ ਗੇਟ ਖੋਲਿਆ।" ਮੰਮੀ ਲੇਟ ਹੋ ਗਈ ਥੋੜਾ , ਦਫ਼ਤਰ ਕੰਮ ਜ਼ਿਆਦਾ ਸੀ , ਵੀਰੇ ਹੁਣੀ ਕਹਿੰਦੇ ਅਸੀਂ ਛੱਡ ਦੇਵਾਂਗੇ।" ਮਾਂ ਦੇ ਪੁੱਛਣ ਤੋਂ ਪਹਿਲਾਂ ਹੀ ਰਾਣੋ ਨੇ ਘੜਿਆ- ਘੜਾਇਆ ਉੱਤਰ ਦੇ ਦਿੱਤਾ । ਬੱਸ ਖਰਾਬ ਦਾ ਬਹਾਨਾ ਘਰੇ ਨੀ ਸੀ ਚੱਲ ਸਕਦਾ ਕਿਉਂ ਕਿ ਉਹਨਾਂ ਦੇ ਪਿੰਡ ਆਉਣ ਵਾਲ਼ੀ ਬੱਸ , ਉਹਨਾਂ ਦੇ ਦਰਾਂ ਮੂਹਰ ਦੀ ਹੋ ਕੇ ਜਾਂਦੀ ਸੀ । ਸ਼ਰਮੇ ਤੇ ਗਿੱਲ ਨੇ ਸਤਿ ਸ੍ਰੀ ਅਕਾਲ ਬੁਲਾਈ ਰਾਣੋ ਦੀ ਮਾਂ ਨੂੰ । "ਚੱਲ ਚੰਗਾ ਹੋਇਆ ਕੁੜੇ ਸੁੱਕੀ -ਸੁੱਕੀ ਘਰੇ ਆ ਗਈ , ਮੀਂਹ ਨੇ ਤਾਂ ਅੱਜ ਹੱਦ ਲਾਹਤੀ ।ਆਜੋ ਪੁੱਤ ਬੈਠਕ ਵਿੱਚ ਬੈਠੋ, ਮੈਂ ਤੱਤਾ -ਤੱਤਾ ਦੁੱਧ ਲੈ ਕੇ ਆਉਨੀ ਆਂ।"ਕਹਿ ਕੇ ਰਾਣੋ ਦੀ ਮਾਂ ਰਸੋਈ ਵੱਲ ਨੂੰ ਚਲੇ ਗਈ। "ਕਿਉਂ ਅਜੇ ਵੀ ਸੁੱਕੀ ਆਂ ਤੂੰ।ਦੋ ਟੱਬ ਪਾਣੀ ਦੇ ਪਵਾ ਕੇ।" ਸ਼ਰਮਾ ਕੁਰਸੀ ਤੇ ਬੈਠਦਾ ਹੋਇਆ ਹੱਸ ਕੇ ਬੋਲਿਆ। " ਚੁੱਪ ਕਰ, ਤੂੰ ਸ਼ਰਮਾਂ ਨੀ ਬੇਸ਼ਰਮਾਂ।" ਰਾਣੋ ਨੇ ਆਪਣੀ ਉਂਗ਼ਲ ਬੁੱਲ੍ਹਾਂ ਤੇ ਰੱਖ ਕੇ ਇਸ਼ਾਰੇ ਨਾਲ਼ ਸ਼ਰਮੇ ਨੂੰ ਚੁੱਪ ਕਰਾਇਆ । ਰਾਣੋ ਦੀ ਮਾਂ ਰਸੋਈ ਵਿੱਚੋਂ ਦੁੱਧ ਲੈ ਆਈ ਤੇ ਨਾਲ਼ ਪਲੇਟ ਵਿੱਚ ਮੋਤੀ ਚੂਰ ਦੇ ਲੱਡੂ ਲੈ ਆਈ। ਰਾਣੋ ਨੇ ਮੋਤੀ ਚੂਰ ਦੇ ਦੋ ਲੱਡੂ ਦੋਨਾਂ ਹੱਥਾਂ ਵਿੱਚ ਚੁੱਕ ਲਏ ।" ਮੈਂ ਤਾਂ ਦੋ ਲੱਡੂ ਖਾਂਊ ਕੱਠੇ ਹੀ। ਉਹ ਅੱਜ ਪੂਰੀ ਮਸਤ ਸੀ । ਉਸਦੇ ਪਿੰਡੇ ਵਿੱਚੋਂ ਖਾਸ ਵਾਸ਼ਨਾ ਆ ਰਹੀ ਸੀ ਜਿਵੇਂ ਔੜਾਂ ਮਾਰੀ ਧਰਤੀ ਤੇ ਪਹਿਲਾ ਮੀਂਹ ਪੈਣ ਨਾਲ਼ ਸੁਗੰਧ ਆਉਂਦੀ ਆ ।ਸ਼ਰਮੇ ਹੁਣਾ ਨੇ ਦੁੱਧ ਪੀਤਾ ਤੇ ਉੱਠ ਕੇ ਵਿਦਾ ਲਈ । ਰਾਣੋ ਬਾਹਰ ਉੱਨਾਂ ਨੂੰ ਛੱਡਣ ਕਾਰ ਕੋ਼ਲ ਆ ਗਈ ।"ਹੁਣ ਤੈਨੂੰ ਦੋ ਲੱਡੂ ਹੀ ਖ਼ਲਾ ਕੇ ਭੇਜਿਆ ਕਰਾਂਗੇ ਸੋਮਵਾਰ ਤੋਂ ।" ਸ਼ਰਮੇ ਨੇ ਰਾਣੋ ਦੇ ਕੰਨ ਕੋ਼ਲ ਹੌਲੀ ਦੇਣੇ ਕਿਹਾ ।


"ਬੱਸ ਕਰ -ਬੱਸ ਕਰ , ਗੱਲਾਂ ਜੋਗਾ ਈ ਆ ਤੂੰ ਤਾਂ।" ਰਾਣੋ ਨੇ ਨਾਲ਼ੇ ਗਿੱਲ ਵੱਲ ਨੂੰ ਵੇਖਿਆ । ਸ਼ਰਮਾ ਸਮਝ ਗਿਆ ਸੀ ਰਾਣੋ ਕਿੱਥੋਂ ਬੋਲਦੀ ਆ।ਗਿੱਲ ਨੇ ਰਾਣੋ ਦੀ ਗੱਲ ਸੁਣ ਕੇ ਸੱਜੇ ਹੱਥ ਨਾਲ਼ ਮੁੱਛ ਨੂੰ ਵੱਟ ਦਿੱਤਾ।"ਦੇਖ ਲਿਆ ਫੇਰ ਜੱਟ ਤੇ ਬਾਣੀਏ ਦਾ ਫਰਕ।" ਗਿੱਲ ਨੇ ਸ਼ਰਮੇ ਨੂੰ ਜਮਾਂ ਕੱਚਾ ਕਰ ਦਿੱਤਾ ਸੀ।



ਰਾਣੋ ਹੱਸਦੀ ਹੋਈ ਅੰਦਰ ਨੂੰ ਮੁੜ ਗਈ। ਸ਼ਰਮੇ ਨੇ ਮਰੂਤੀ ਪੂਰੇ ਜ਼ੋਰ ਨਾਲ਼ ਭਜਾਈ ਜਿਵੇਂ ਹਾਰਿਆ ਕੁੱਕੜ ਮੈਦਾਨ ਵਿੱਚੋਂ ਭੱਜਦਾ ਹੁੰਦਾ ।

**ਹਰਦੀਪ ਗਰੇਵਾਲ਼ "ਥਰੀਕੇ"**
**+1-778-712-2019**


# LANGLEY BANQUET HALL




SERVICE AVAILABLE IN SURREY, DELTA, LANGLEY & ALDERGROVE

**6 DAY TIFFIN SERVICE**
4 DAY VEG / 2 DAY NON VEG
1 DAAL 1 SABZI 8 ROTI WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND DESSERT 200$ month

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

**ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ**
**ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ**



**DAVINDER GREWAL**
**604.537.9759**
3227 264 St. Aldergrovw, BC V4W2X3

# AMAYA LIVING



**60 LUXURIOUS CONDOS**
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

**KITCHEN**
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

**BATHROOM**
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories **WARRANTY • 2-5-10 year**

**PH:778-885.6700**
**Add:140 St & 108 Ave, Surrey, BC V3T 4N8**
**E-mail: info@amayaliving.ca**

# ਕੇਰਲ ਹੁਣ ਅੱਤਵਾਦ ਦਾ ਅੱਡਾ ਬਣ ਗਿਆ ਹੈ, ਇੱਥੇ ਕੋਈ ਸੁਰੱਖਿਆ ਨਹੀਂ ਹੈ:ਜੇਪੀ ਨੱਡਾ ਦਾ ਦੋਸ਼

ਨਵੀਂ ਦਿੱਲੀ: ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਜੇਪੀ ਨੱਡਾ ਨੇ ਕੇਰਲ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਰਲਾ ਦੀ ਹਾਲਤ ਇਹ ਹੈ ਕਿ ਇਹ ਸੂਬਾ ਹੁਣ ਅੱਤਵਾਦ ਦਾ ਅੱਡਾ ਬਣ ਗਿਆ ਹੈ, ਹੁਣ ਇੱਥੇ ਆਮ ਜੀਵਨ ਸੁਰੱਖਿਅਤ ਨਹੀਂ ਜਾਪਦਾ। ਨੱਡਾ ਨੇ ਸੂਬੇ ਦੇ ਮੁੱਖ ਮੰਤਰੀ ਪੀ ਵਿਜਯਨ 'ਤੇ ਵੀ ਹਮਲਾ ਬੋਲਿਆ। ਨੱਡਾ ਨੇ ਕਿਹਾ ਕਿ ਮੁੱਖ ਮੰਤਰੀ ਦਾ ਪਰਿਵਾਰ ਖੁਦ ਸਰਕਾਰ ਨਾਲ ਜੁੜੇ ਕੰਮਾਂ 'ਚ ਸ਼ਾਮਲ ਹੈ। ਕੋਟਾਯਮ ਵਿੱਚ ਇੱਕ ਭਾਸ਼ਣ ਦੌਰਾਨ ਜੇਪੀ ਨੱਡਾ ਨੇ ਕਿਹਾ ਕਿ ਅੱਜ ਦੇਸ਼ ਵਿੱਚ ਵਿਰੋਧੀ ਧਿਰ ਵਜੋਂ ਸਿਰਫ਼ ਖੇਤਰੀ ਪਾਰਟੀਆਂ ਹੀ ਬਚੀਆਂ ਹਨ। ਅਤੇ ਇਹ ਸਾਰੀਆਂ ਪਾਰਟੀਆਂ ਮੁੱਖ ਤੌਰ 'ਤੇ ਇਕ ਜਾਂ ਦੂਜੀ ਪਰਿਵਾਰਕ ਪਾਰਟੀ ਬਣ ਕੇ ਰਹਿ ਗਈਆਂ ਹਨ।










# ਗੁਰਚਰਨ ਸਿੰਘ ਟੌਹੜਾ ਵੱਲੋਂ ਦਿੱਤੀ ਮਾਇਆ ਸੰਤ ਭਿੰਡਰਾਵਾਲੇ ਦੀ ਸੁਪਤਨੀ ਨੇ ਸਵੀਕਾਰ ਨਾ ਕੀਤੀ

ਚੰਡੀਗੜ੍ਹ (ਜਗਤਾਰ ਸਿੰਘ ਸੀਨੀਅਰ ਪੱਤਰਕਾਰ) ਗੁਰਚਰਨ ਸਿੰਘ ਟੌਹੜਾ ਸਾਲ 1972 ਤੋਂ ਹੋਈ ਸ਼ੁਰੂਆਤ ਤੋਂ ਲੈ ਕੇ ਇੱਕ ਸਦੀ ਦੇ ਕਰੀਬ ਚੌਥਾਈ ਸਮੇਂ ਤੋਂ ਵੱਧ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ, ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਜਦੋਂ ਉਨ੍ਹਾਂ ਦਾ ਨਿੱਜੀ ਖਾਤਾ ਦੇਖਿਆ ਗਿਆਂ ਤਾਂ ਉਹ ਬਿਲਕੁੱਲ ਖਾਲੀ ਨਿਕਲਿਆ। ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਪੈਂਦੇ ਟੌਹੜਾ ਪਿੰਡ ਵਿੱਚ ਉਨ੍ਹਾਂ ਦਾ ਜੱਦੀ ਘਰ ਪੁਰਾਤਨ ਸ਼ੈਲੀ ਵਾਲਾ ਅਤੇ ਲੱਕੜ ਦੇ ਬਾਲਿਆਂ ਵਾਲਾ ਸੀ, ਜਿਸ ਵਿੱਚ ਕੁਝ ਕੂ ਹੀ ਸੋਧਾਂ ਕੀਤੀਆਂ ਗਈਆਂ ਸਨ। ਉਨ੍ਹਾਂ ਨੇ ਇਸ ਘਰ ਦੇ ਡਰਾਇੰਗ ਰੂਮ ਵਿੱਚ ਲੱਗੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਨੂੰ ਕਦੇ ਨਹੀਂ ਉਤਾਰਿਆ। ਬੇਈਮਾਨੀ ਨੂੰ ਉਨ੍ਹਾਂ ਨੇ ਕਦੇ ਆਪਣੇ ਨੇੜੇ ਵੀ ਨਹੀਂ ਢੁੱਕਣ ਦਿੱਤਾ। ਉਹ ਇੱਕ ਛੋਟੇ ਕਿਸਾਨ ਪਰਿਵਾਰ ਨਾਲ ਸਬੰਧਤ ਸਨ, ਉਹ ਆਪਣੀ ਲਗਭਗ ਦੋ ਹੈਕਟੇਅਰ ਜ਼ਮੀਨ ‘ਤੇ ਮਿਹਨਤ ਮਜ਼ਦੂਰੀ ਕਰਦੇ ਸਨ, ਜਿਸ ਵਿੱਚ ਉਨ੍ਹਾਂ ਨੇ ਆਪਣੀ ਮੌਤ ਤੱਕ ਇੱਕ ਇੰਚ ਵੀ ਹੋਰ ਨਹੀਂ ਜੋੜਿਆ ਸੀ। ਆਪਣੇ ਪਿੰਡ ਵਿੱਚ, ਉਹ ਇੱਕ ਸਫ਼ਲ ਮਾਡਲ ਕਿਸਾਨ ਸਨ ਅਤੇ ਉਨ੍ਹਾਂ ਕੋਲ ਬਲਦਾਂ ਦੀ ਸਭ ਤੋਂ ਵਧੀਆ ਜੋੜੀ ਹੁੰਦੀ ਸੀ।

ਇੱਥੇ ਅਜਿਹੀ ਹੀ ਇੱਕ ਹੋਰ ਉਦਾਹਰਨ ਹੈ। ਜੂਨ 1984 ਵਿੱਚ ਫੌਜੀ ਹਮਲੇ ਆਪ੍ਰੇਸ਼ਨ ਬਲੂ ਸਟਾਰ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਤੋਂ ਬਾਅਦ ਟੌਹੜਾ ਨੂੰ ਅਪ੍ਰੈਲ 1985 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ। ਉਹ ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਆਪਣੀ ਰਿਹਾਈ ਤੋਂ ਤੁਰੰਤ ਬਾਅਦ, ਉਨ੍ਹਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਪਤਨੀ ਬੀਬੀ ਪ੍ਰੀਤਮ ਕੌਰ ਨੂੰ ਮਿਲਣ ਲਈ ਬਿਲਾਸਪੁਰ ਜਾਣ ਦਾ ਫੈਸਲਾ ਕੀਤਾ, ਜੋ ਉਸ ਸਮੇਂ ਆਪਣੇ ਮਾਤਾ-ਪਿਤਾ ਕੋਲ ਰਹਿ ਰਹੇ ਸਨ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਖਾਤੇ ਵਿੱਚੋਂ ਬੀਬੀ ਪ੍ਰੀਤਮ ਕੌਰ ਦੇ ਲਈ 1 ਲੱਖ ਰੁਪਏ ਦਾ ਚੈੱਕ ਕਟਵਾਇਆ ਅਤੇ ਲੁਧਿਆਣਾ ਦੇ ਅਕਾਲੀ ਦਲ ਦੇ ਆਗੂ ਠੇਕੇਦਾਰ ਸੁਰਜਨ ਸਿੰਘ ਕੋਲੋਂ 50 ਹਜ਼ਾਰ ਦੀ ਹੋਰ ਨਕਦੀ ਲੈ ਕੇ ਮੋਗਾ-ਬਰਨਾਲਾ ਹਾਈਵੇਅ ‘ਤੇ ਪੈਂਦੇ ਪਿੰਡ ਬਿਲਾਸਪੁਰ ਪਹੁੰਚ ਗਏ। ਅਹਿਮ ਗੱਲ ਇਹ ਸੀ ਕਿ ਬੀਬੀ ਪ੍ਰੀਤਮ ਕੌਰ ਨੇ ਇਹ ਕਹਿੰਦੇ ਹੋਏ ਚੈੱਕ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਗੁਰੂ ਦੀ ਗੋਲਕ ਦੇ ਪੈਸੇ ਸਵੀਕਾਰ ਨਹੀਂ ਕਰਨਗੇ ਕਿਉਂਕਿ ਇਹ ਸ਼੍ਰੋਮਣੀ ਕਮੇਟੀ ਦੇ ਫੰਡਾਂ ਵਿੱਚੋਂ ਹਨ।

ਫਿਰ ਉਨ੍ਹਾਂ ਨੇ 50,000 ਰੁਪਏ ਕੱਢ ਲਏ। ਬੀਬੀ ਪ੍ਰੀਤਮ ਕੌਰ ਨੇ ਇਨ੍ਹਾਂ ਨੂੰ ਇਸ ਤਰਕ ‘ਤੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਹ ਆਪਣੇ ਪਤੀ ਦੀ ਇੱਛਾ ਅਨੁਸਾਰ ਸਿਰਫ਼ ਆਪਣੀ ਕਮਾਈ ਨਾਲ ਹੀ ਆਪਣੇ ਦੋ ਪੁੱਤਰਾਂ ਦੀ ਦੇਖਭਾਲ ਕਰਨਗੇ।

ਇਹ ਦੋਵੇਂ ਬਹੁਤ ਮਹੱਤਵਪੂਰਨ ਪਹਿਲੂ ਹਨ- ਗੁਰਚਰਨ ਸਿੰਘ ਟੌਹੜਾ ਦੇ ਮਾਨਵੀ ਸਰੋਕਾਰ ਅਤੇ ਬੀਬੀ ਪ੍ਰੀਤਮ ਕੌਰ ਦਾ ਸਿਧਾਂਤਕ ਫੈਸਲਾ। ਉਨ੍ਹਾਂ ਨੇ ਜਨਤਕ ਖੇਤਰ ਵਿੱਚ ਕਦੇ ਵੀ ਇਸ ਘਟਨਾ ਦਾ ਖੁਲਾਸਾ ਨਹੀਂ ਕੀਤਾ।

ਸਿੱਖ ਧਾਰਮਿਕ ਤੇ ਸਿਆਸੀ ਖੇਤਰ ਵਿੱਚ ਟੌਹੜਾ ਦੀ ਜ਼ਿੰਦਗੀ ਦਾ ਆਖ਼ਰੀ ਅਹਿਮ ਘਟਨਾਕ੍ਰਮ, ਜਿਸ ਨਾਲ ਉਹ ਜੁੜੇ ਹੋਏ ਸਨ ਅਤੇ ਪ੍ਰਕਾਸ਼ ਸਿੰਘ ਬਾਦਲ ਇਸ ਤੋਂ ਬਾਹਰ ਸੀ, ਉਹ ਸੀ 1994 ਵਿੱਚ ਅਕਾਲੀ ਦਲ ਵਲੋਂ ਕੀਤਾ ਗਿਆ ਅੰਮ੍ਰਿਤਸਰ ਐਲਾਨਨਾਮਾ।

ਇਹ ਉਹ ਸਮਾਂ ਸੀ ਜਦੋਂ ਗਰਮਸੁਰ ਵਾਲਾ ਸਿਆਸੀ ਬਿਰਤਾਂਤ ਪੜਾਅਵਾਰ ਖ਼ਤਮ ਹੋ ਰਿਹਾ ਸੀ। ਅੰਮ੍ਰਿਤਸਰ ਐਲਾਨਨਾਮਾ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਵਿੱਚ ਪਾਸ ਕੀਤਾ ਗਿਆ ਸੀ। ਗੁਰਚਰਨ ਸਿੰਘ ਟੌਹੜਾ ਇਸ ਸਿੱਖ ਸਿਆਸੀ ਦਸਤਾਵੇਜ਼ ਦਾ ਖਰੜਾ ਤਿਆਰ ਕਰਨ ਵਿੱਚ ਸ਼ਾਮਲ ਸਨ।

ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਜਿਹੇ ਹੀ ਇੱਕ ਗਰੁੱਪ ਨਾਲ ਨਵੇਂ ਸਿਆਸੀ ਦਸਤਾਵੇਜ਼ ਦਾ ਖਰੜਾ ਤਿਆਰ ਕਰਨ ਬਾਰੇ ਚਰਚਾ ਕੀਤੀ। ਇਨ੍ਹਾਂ ਵਿਦਵਾਨਾਂ ਵਿੱਚੋਂ ਇੱਕ ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਸਨ। ਉਨ੍ਹਾਂ ਨੇ ਸੁਝਾਅ ਦਿੱਤਾ ਸੀ ਕਿ ਨਵਾਂ ਦਸਤਾਵੇਜ਼ ਅਨੰਦਪੁਰ ਸਾਹਿਬ ਦੇ ਮਤੇ ਤੋਂ ਇੱਕ ਕਦਮ ਅੱਗੇ ਦੀ ਗੱਲ ਕਰਦਾ ਹੋਵੇ, ਪਰ ਖੇਤਰੀ ਤੌਰ ‘ਤੇ ਪ੍ਰਭੂਸੱਤਾ ਸਪੰਨ ਸਿੱਖ ਰਾਜ ਖਾਲਿਸਤਾਨ ਤੋਂ ਰਤਾ ਘੱਟ ਹੋਵੇ। ਇਸੇ ਵਿਚਾਰ ਦੀ ਬੁਨਿਆਦ ਉੱਤੇ ਅੰਮ੍ਰਿਤਸਰ ਐਲਾਨਨਾਮਾ ਵਿਕਸਿਤ ਹੋਇਆ ਸੀ। ਜਿਸ ਅਨੁਸਾਰ “2- ਭਾਰਤੀ ਸੰਘ ਅੰਦਰ ਸਿੱਖ ਕੌਮ ਦੀ ਸਿਆਸੀ ਪਛਾਣ ਨੂੰ ਯਕੀਨੀ ਬਣਾਉਣਾ: ਐੱਸਜੀਪੀਸੀ ਸਿੱਖਾਂ ਨੂੰ ਕੌਮ ਵਜੋਂ ਆਪਣੀ ਰਾਜਨੀਤਿਕ ਪਛਾਣ ਨੂੰ ਬਰਕਰਾਰ ਰੱਖਣ ਲਈ ਆਪਣੀ ਇਤਿਹਾਸਕ ਲੜਾਈ ਵਿੱਚ ਵਿਚਾਰਧਾਰਕ ਅਗਵਾਈ ਪ੍ਰਦਾਨ ਕਰੇਗੀ - ਇੱਕ ਅਜਿਹਾ ਸਫ਼ਰ ਜੋ ਸਿੱਖ ਇਤਿਹਾਸ ਵਿੱਚ ਵੱਖ-ਵੱਖ ਰੂਪਾਂ ਅਤੇ ਵੱਖ-ਵੱਖ ਤਰੀਕਿਆਂ ਨਾਲ ਸਥਿਤੀਆਂ ਦੀਆਂ ਲੋੜਾਂ ਦੇ ਆਧਾਰ ‘ਤੇ ਨਿਰੰਤਰ ਸੰਚਾਲਿਤ ਹੁੰਦਾ ਰਿਹਾ ਹੈ। ਸਮਕਾਲੀ ਹਕੀਕਤਾਂ ਦੇ ਸੰਦਰਭ ਵਿੱਚ ਇਸ ਸਫ਼ਰ ਨੇ ਇੱਕ ਸੰਘੀ ਢਾਂਚੇ ਵਿੱਚ ਰਾਜਾਂ ਦੀ ਖ਼ੁਦਮੁਖਤਿਆਰੀ ਦੀ ਸਾਡੀ ਮੰਗ ਦਾ ਰੂਪ ਧਾਰ ਲਿਆ ਹੈ, ਜੋ ਬਹੁ-ਰਾਸ਼ਟਰੀ ਭਾਰਤੀ ਸਮਾਜ ਦੇ ਤਾਣੇ-ਬਾਣੇ ਦਾ ਨਿਰਮਾਣ ਕਰਨ ਵਾਲੀਆਂ ਕੌਮਾਂ, ਕੌਮੀਅਤਾਂ ਅਤੇ ਘੱਟ-ਗਿਣਤੀਆਂ ਦੀ ਹੋਂਦ ਅਤੇ ਪਛਾਣ ਨੂੰ ਸੁਰੱਖਿਅਤ ਰੱਖਣ ਲਈ ਲਾਜ਼ਮੀ ਅਤੇ ਜ਼ਰੂਰੀ ਹੈ। ਦੇਸ਼ ਦੀ ਰਾਸ਼ਟਰੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਦਾ ਇਹ ਇੱਕੋ ਇੱਕ ਰਸਤਾ ਹੈ।“ (ਖੰਡ 2, ਅਨੁਲੱਗ 30, ਗੁਰਦੁਆਰਾ ਗਜ਼ਟ, ਜੁਲਾਈ 1979, ਐੱਸਜੀਪੀਸੀ, ਅੰਮ੍ਰਿਤਸਰ, ਪੰਨਾ 7)।‘’ਉਹ ਸਿੱਖ ਖੇਤਰ ਦੇ ਦੋ ਮੁੱਖ ਨੇਤਾਵਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਸੰਤ ਭਿੰਡਰਾਂਵਾਲਿਆਂ ਨੂੰ ਉਨ੍ਹਾਂ ਦੇ ਸ਼ੁਰੂਆਤੀ ਦੌਰ ਵਿੱਚ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਸੀ।



# ਮਾਨ ਵੱਲੋਂ ਕਾਂਗਰਸ ਤੇ ਭਾਜਪਾ ਨੂੰ ਰਗੜੇ

ਚੰਡੀਗੜ੍ਹ, (ਗੁਰਜੀਤ ਬਿੱਲਾ) ਕਾਂਗਰਸ ਤੇ ਭਾਜਪਾ ਨੂੰ ਇਕੋ ਸਿੱਕੇ ਦੇ ਦੋ ਪਹਿਲੂ ਦੱਸਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਕਿਹਾ ਕਿ ਵਿਧਾਨ ਸਭਾ ਵਿੱਚ ਵਿਸ਼ਵਾਸ ਮਤਾ ਲਿਆਉਣਾ ਇਸ ਕਰ ਕੇ ਜ਼ਰੂਰੀ ਸੀ, ਕਿਉਂਕਿ ਦੋਵਾਂ ਪਾਰਟੀਆਂ ਨੇ ਸੂਬੇ ਵਿੱਚ ਜਮਹੂਰੀ ਤਰੀਕੇ ਨਾਲ ਚੁਣੀ ਹੋਈ ਸਰਕਾਰ ਨੂੰ ਤੋੜਨ ਲਈ ਹੱਥ ਮਿਲਾ ਲਿਆ ਹੈ।

ਵਿਧਾਨ ਸਭਾ ਵਿੱਚ ਵਿਸ਼ਵਾਸ ਮਤਾ ਪੇਸ਼ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੇਸ਼ ਭਰ ਵਿੱਚ ਪਿਛਲੇ ਦਰਵਾਜ਼ਿਓਂ ਆਪਣੀਆਂ ਸਰਕਾਰਾਂ ਬਣਾਉਣ ਲਈ ਦਲ-ਬਦਲੀ ਵਿਰੋਧੀ ਕਾਨੂੰਨ ਦੀ ਵਰਤੋਂ ਨਵੇਂ ਹਥਿਆਰ ਵਜੋਂ ਕਰ ਰਹੀ ਹੈ ਅਤੇ ਬਦਕਿਸਮਤੀ ਨਾਲ ਇਸ ਦੀ ਸਭ ਤੋਂ ਵੱਡੀ ਪੀੜਤ ਹੋਣ ਦੇ ਬਾਵਜੂਦ ਕਾਂਗਰਸ ਇਸ ਦੀ ਹਮਾਇਤ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੇ ਵਿਧਾਇਕਾਂ ਨੂੰ ਲੁਭਾ ਕੇ ਮੱਧ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਤੇ ਹੋਰ ਸੂਬਿਆਂ ਵਿੱਚ ਚੁਣੀਆਂ ਹੋਈਆਂ ਸਰਕਾਰਾਂ ਭੰਗ ਕੀਤੀਆਂ ਹਨ। ਉਨ੍ਹਾ ਕਿਹਾ ਕਿ ਦਿੱਲੀ ਵਿੱਚ ਤਿੰਨ ਦਫ਼ਾ ਸਰਕਾਰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਅਤੇ ਹੁਣ ਪੰਜਾਬ ਵਿੱਚ ਪੈਸੇ ਨਾਲ ਵਿਧਾਇਕਾਂ ਨੂੰ ਖਰੀਦਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਮਾਨ ਨੇ ਕਿਹਾ ਕਿ ਭਾਜਪਾ ਸੂਬੇ ਵਿੱਚ ਸੱਤਾ ਹਾਸਲ ਦੀ ਮ੍ਰਿਗ ਤ੍ਰਿਸ਼ਨਾ ਪਿੱਛੇ ਭੱਜ ਰਹੀ ਹੈ ਅਤੇ ਇਸ ਕਦਮ ਰਾਹੀਂ ਉਹ ‘ਦੁੱਕੀਆਂ ਨਾਲ ਆਪ ਦੇ ਯੱਕੇ ਖਰੀਦਣ’ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਪੈਸੇ ਦੇ ਬੈਗਾਂ ਦੀ ਵਰਤੋਂ ਕਰ ਕੇ ਜਮਹੂਰੀਅਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਾ ਰਹੀ ਹੈ।




# ਕਾਵਿ ਕਿਆਰੀ

## ਹੋ ਹੀ ਨਹੀਂ ਸਕਦਾ

ਕਦੇ ਕੋਈ ਨੌਜੁਆਨ
ਜੋਬਨ ਦੀ ਸਿਰ ਚੜ੍ਹੀ ਕਾਂਗ ਦੀਆਂ
ਮੂੰਹ ਜ਼ੋਰ ਛੱਲਾਂ ਨੂੰ
ਸੋਚ ਦੀ ਮਿੱਟੀ ਵਿਚ ਗੁੰਨ੍ਹ
ਦੇਸ਼ ਭਗਤੀ ਦੀ ਕੁਠਾਲ਼ੀ ਪਾ
ਜ਼ਿੰਦਗੀ ਦੀ ਭੱਠੀ ਬਾਲ ਦੇਵੇ
ਝੁੰਮਰ ਪਾਉਣ
ਮੁਹੱਬਤ ਦੇ ਗੀਤ ਗਾਉਣ
ਨਸ਼ੀਲੇ ਸੁਪਨੇ ਸਜਾਉਣ ਦੀ
ਸ਼ੂਕਦੇ ਝਨਾਂ ਜਿਹੀ ਰੁੱਤੇ
ਸਹਿਜ ਭਰੇ ਚਾਅ ਨਾਲ
ਮਹਿਬੂਬ ਦੀ ਨਜ਼ਮ ਵਾਂਗ
ਮਰਨ ਦੀ ਗੱਲ ਕਰੇ
ਸੂਹੀ ਰੁੱਤੇ ਜਵਾਨੀ ਨੂੰ
ਬਸੰਤੀ ਰੰਗੇ ਜਾਣ ਦੀ
ਉਲਾਰ ਸਧਰ ਜਾਗੇ
ਜ਼ਿੰਦਗੀ ਦੇ ਪਾਣੀ ਵਿਚ
ਮੌਤ ਨੂੰ ਨਿਚੋੜ
ਪੀ ਜਾਣ ਦੇ ਗੀਤ ਗਾਵੇ
ਫਿਰ ਉਸਦੇ ਹਨੇਰਿਆਂ ਨੂੰ
ਲਤਾੜਦੇ ਪੈਰ
ਚਾਨਣੇ ਪੰਧਾਂ ਨੂੰ ਨਿਵਾਜਣ ਲੱਗਣ
ਤਾਂ ਬਚਪਨ ਉਸ ਦੀ
ਜਵਾਨੀ ਦਾ ਦੀਵਾਨਾ
ਜਵਾਨੀ ਉਸ ਦੇ
ਜੋਸ਼ ਦੀ ਤਲਬਗਾਰ
ਜੋਸ਼ ਉਸ ਦੀ
ਹੋਸ਼ ਦਾ ਕਾਇਲ
ਹੋਸ਼ ਉਸ ਦੇ
ਫ਼ਲਸਫ਼ੇ ਦੀ ਸ਼ਾਗਿਰਦ
ਤੇ ਫ਼ਲਸਫ਼ਾ ਖ਼ੁਦ ਹੋਵੇ
ਜਿਸ ਦਾ ਸ਼ੁਕਰਗੁਜ਼ਾਰ
ਕਿ ਕਰ ਦਿੱਤਾ ਉਸ ਨੂੰ
ਕਿਸੇ ਨੇ ਸਦਾਬਹਾਰ
ਸਮਿਆਂ ਤੋਂ ਪਾਰ....
ਤਾਂ ਉਹ....
ਭਗਤ ਸਿੰਘ ਤੋਂ ਬਿਨਾ
ਕੋਈ ਵੀ ਨਹੀਂ ਹੋ ਸਕਦਾ
ਕੋਈ ਹੋ ਹੀ ਨਹੀਂ ਸਕਦਾ

**ਅਰਤਿੰਦਰ ਸੰਧੂ**

## ਰਾਤ ਦੇ ਅਸ਼ਾਂਤ ਪਲ

ਪਰਮਜੀਤ ਢੀਂਗਰਾ

ਅਦਸ ਬੇ
ਰਾਤ ਦੇ ਦੋ ਵੱਜ ਕੇ ਸੈਂਤੀ ਮਿੰਟ ਤੇਤੀ ਸਕਿੰਟ ਹੋਏ ਨੇ
ਦਿਨ ਦੀ ਪਿਘਲਦੀ ਗਰਮੀ ਵਿਚ ਤਪੀਆਂ ਛੱਤਾਂ
ਹੌਲੀ ਹੌਲੀ ਠੰਢੀਆਂ ਹੋ ਰਹੀਆਂ ਨੇ
ਏ.ਸੀਆਂ ਦੀ ਖੜਖੜ ਦੀ ਆਵਾਜ਼
ਹਵਾ ਵਿਚ ਜ਼ਹਿਰ ਘੋਲ ਰਹੀ ਹੈ
ਬਜ਼ੁਰਗਾਂ ਦੇ ਥੱਕੇ ਘੁਰਾੜੇ
ਅਣਥੱਕ ਚੱਕੀ ਵਾਂਗ ਚਲਦੇ ਤਾਲ ਦੇ ਰਹੇ ਨੇ
ਦੂਰੋਂ ਜੇਲ੍ਹ ਦੀਆਂ ਬੈਰਕਾਂ ਵਿਚੋਂ ਉਠਦੀਆਂ ਚੀਕਾਂ
ਆਪਣੇ ਘਰਾਂ ਤੱਕ ਪਹੁੰਚਣ ਤੋਂ ਪਹਿਲਾਂ
ਦਮ ਤੋੜਦੀਆਂ ਪੁੱਛ ਪੁੱਛ ਥੱਕ ਗਈਆਂ ਨੇ ਕਿ
ਕਿਹੜੀ ਧਾਰਾ ਉਨ੍ਹਾਂ ਦਾ ਦੋਸ਼ ਸਾਬਤ ਕਰ ਰਹੀ ਹੈ?
ਕੁੱਤਿਆਂ ਦੀ ਭੌਂਕ ਕਿਸਨੂੰ ਲੱਭ ਰਹੀ ਹੈ
ਪੀਸੀਆਰ ਦਾ ਗਸ਼ਤੀ ਘੋੜਾ ਨਹੀਂ ਜਾਣਦਾ
ਉਨ੍ਹਾਂ ਦਾ ਹੂਟਰ ਦਹਿਸ਼ਤ ਪੈਦਾ ਕਰਦਾ
ਪੱਤਿਆਂ ’ਤੇ ਬੈਠੀ ਹਵਾ ਨੂੰ ਚੀਰ ਜਾਂਦਾ ਹੈ
ਮਾਛੀ ਰਾਮ ਸੁੱਤ ਉਨੀਂਦਾ ਹੁੱਕੇ ਦੀ ਗੁੜ ਗੁੜ ਵਿਚ
ਉਡੀਕ ਰਿਹਾ ਲਾਮ ’ਤੇ ਗਏ ਲਾਲ ਦਾ ਸੁਖ ਸੁਨੇਹਾ
ਮਾਂ ਦੀਆਂ ਅੱਖਾਂ ਦੀ ਲਾਲੀ ਹਨੇਰੇ ਵਿਚ ਗੂੜ੍ਹੀ ਹੋ
ਵਿਹੜੇ ਵਿਚ ਫੈਲ ਰਹੀ ਹੈ ਕਿ
ਮਹਿੰਗੇ ਦੌਰ ਵਿਚ ਘਰ ਦੀਆਂ ਕੰਧਾਂ
ਕਿਵੇਂ ਝੱਲਣਗੀਆਂ ਪੇਟ ਤੇ ਭੁੱਖ ਦਾ ਬੋਝ
ਆਖਰ ਨੀਂਹਾਂ ਦੀ ਇਕ ਉਮਰ ਹੁੰਦੀ ਹੈ
ਕਦ ਤੱਕ ਉਹ ਸਰਕਾਰੀ ਅਨੁਦਾਨ ਆਸਰੇ
ਦਿਨ ਕੱਟੀ ਕਰਦੀਆਂ
ਸਿਰ ਉੱਚਾ ਕਰਕੇ ਜਿਊ ਸਕਣਗੀਆਂ
ਮਹਿਮੇ ਦੀ ਫੈਕਟਰੀ ਵਿਚੋਂ ਹੋਈ ਛਾਂਟੀ ਨੂੰ
ਕੋਈ ਵੀ ਠੀਕ ਨਹੀਂ ਦੱਸ ਰਿਹਾ
ਪਰ ਉੱਚੀ ਬੋਲ ਵੀ ਕੋਈ ਨਹੀਂ ਰਿਹਾ
ਕਿਸਾਨੀ ਅੰਦੋਲਨ ਹੁਣ ਧੁਖ਼ ਰਿਹਾ ਹੈ
ਕਾਸ਼ ਇਹ ਲਟ-ਲਟ ਬਲਦਾ ਰਹਿੰਦਾ
ਆਸ ਦੀ ਜਵਾਲਾ ਮਘਦੀ ਰਹਿੰਦੀ
ਕਾਣੇ ਬਿੱਲੇ ਦੀ ਬੋਟੀ ਬੋਟੀ ਨਾ ਹੁੰਦੀ
ਤੇ ਨਾ ਠੰਢੇ ਚੁੱਲ੍ਹਿਆਂ ’ਚੋਂ ਸਵਾਹ ਉੱਡਦੀ
ਆਪਣੇ ਤੱਤੇ ਸੁਭਾਅ ਨੂੰ ਫੂਕਾਂ ਮਾਰ ਮਾਰ
ਉਹ ਰਾਹ ਵਿਚ ਕਿਤੇ ਦੱਬਿਆ ਗਿਆ
ਹੁਣ ਤਾਂ ਕਿਸੇ ਅਗਲੀ ਸਦੀ ਵਿਚ
ਉਹਦੀ ਕੋਇਲਾ ਬਣੀ ਲਾਸ਼ ਲੱਭੇਗੀ
ਓਦੋਂ ਅੱਜ ਵਾਲੇ ਸਮੇਂ ਬਦਲ ਚੁੱਕੇ ਹੋਣਗੇ
ਗੁਆਚਿਆਂ ਦਾ ਇਤਿਹਾਸ ਕੋਈ ਨਹੀਂ ਲਿਖੇਗਾ
ਖ਼ਬਰਾਂ ਵਿਚ ਯੂਕਰੇਨ ਦੀ ਜੰਗ ਲੰਮੀ ਹੋ ਰਹੀ ਹੈ
ਕੀਵ ਵਿਚ ਘਰ ਲੱਭਦੇ ਬੱਚੇ ਗੁਆਚ ਗਏ ਹਨ
ਰਾਕੇਟਾਂ ਦੀ ਮਾਰ ਹੇਠ ਆਏ ਘਰ ਹੁਣ ਕਬਰਾਂ ਹਨ-
ਅਣਪਛਾਤਿਆਂ ਦੀਆਂ,
ਜੋ ਕਦੇ ਯੂਕਰੇਨੀ ਨਾਗਰਿਕ ਸਨ
ਭੋਜਨ, ਪਾਣੀ, ਆਸਰੇ ਲੱਭਦੀਆਂ ਰੂਹਾਂ ਦੇ ਕੰਕਾਲ
ਅਕਾਸ਼ ਵਿਚੋਂ ਡਿੱਗਦੀ ਅੱਗ ਦੇ ਕੱਪੜੇ ਪਹਿਨ ਕੇ
ਨੰਗੇ ਭਸਮ ਹੋ ਰਹੇ ਹਨ
ਤੇ ਜੰਗਬਾਜ਼ ਅਜੇ ਵੀ ਉਨ੍ਹਾਂ ਨੂੰ
ਸਬਕ ਸਿਖਾਉਣ ਦੇ ਨਾਅਰੇ ਲਾਉਂਦਾ
ਚੀਕ ਰਿਹਾ ਹੈ ਕਿ ਉਹ ਇਸ ਦੇਸ਼ ਦੀ
ਆਖਰੀ ਬੋਟੀ ਡਕਾਰ ਕੇ ਆਪਣਾ ਝੰਡਾ ਗੱਡ ਦੇਵੇਗਾ
ਰਾਤ ਦੇ ਦੋ ਵੱਜ ਕੇ ਉਨਤਾਲੀ ਮਿੰਟ ਛੱਤੀ ਸੈਕੰਡ ਹੋ ਗਏ ਹਨ
ਜੰਗ ਦਾ ਘੁੱਗੂ ਵੱਜ ਗਿਆ ਹੈ
ਸਾਰੇ ਘਰ ਉੱਜੜ ਚੁੱਕੇ ਹਨ,
ਖਾਲੀ ਵਿਹੜਿਆਂ ਵਿਚ ਜੰਮ ਚੁੱਕੀ ਬਰਫ਼ ’ਤੇ ਪਏ
ਲਹੂ ਦੇ ਦਾਗ ਵੀ ਹੌਲੀ ਹੌਲੀ ਸੁੱਕ ਰਹੇ ਹਨ
ਬੇਸਮੈਂਟਾਂ ਵਿਚ ਚੁੱਪ ਲੁਕ ਕੇ ਸੁੱਤੀ ਪਈ ਹੈ
ਪੂਤਨੀ-ਹੁੰਕਾਰ ਗੋਲੇ ਦਾਗ ਰਹੀ ਹੈ
ਉਹਨੂੰ ਭੈਅ ਹੈ ਕਿ ਜੇ ਇਕ ਵੀ ਯੂਕਰੇਨੀ ਬਚ ਗਿਆ
ਤਾਂ ਉਹ ਉਹਨੂੰ ਜ਼ਰੂਰ ਲੱਭੇਗਾ ਤੇ ਪੁੱਛੇਗਾ ਆਖ਼ਰੀ ਸੁਆਲ
ਜਿਸਦਾ ਉਹ ਜੁਆਬ ਨਹੀਂ ਦੇਣਾ ਚਾਹੁੰਦਾ
ਪਹਿਰੇਦਾਰ ਦੀ ਲੰਮੀ ਸੀਟੀ ਨੇ ਮੈਨੂੰ ਜਗਾ ਦਿੱਤਾ ਹੈ
ਰਾਤ ਦੇ ਦੋ ਵੱਜ ਕੇ ਬਤਾਲੀ ਮਿੰਟ ਚਾਲੀ ਸੈਕੰਡ ਹੋਏ ਹਨ
ਮੈਂ ਯੂਕਰੇਨ ਵਿਚ ਆਪਣਾ ਘਰ ਲੱਭ ਰਿਹਾ ਹਾਂ
ਜੋ ਮੇਰੇ ਵਾਂਗ ਅਜੇ ਜਿਊਂਦਾ ਹੈ ਤੇ
ਸਵਾਲ ਪੁੱਛਣ ਦੇ ਕਾਬਲ ਹੈ
ਉਹ ਉਡੀਕ ਰਿਹਾ ਕਿ ਕਦੋਂ ਘੜੀ ’ਤੇ
ਤਿੰਨ ਵੱਜ ਕੇ ਉਨਾਹਠ ਮਿੰਟ ਹੋਣ ਤੇ
ਆਖ਼ਰੀ ਮਿੰਟ ਵਿਚ ਆਖ਼ਰੀ ਸੁਆਲ
ਅੰਤਿਮ ਘੜੀ ਦਾ ਅੰਤਿਮ ਫ਼ੈਸਲਾ
ਤੇ ਜੰਗਬਾਜ਼ਾਂ ਦੇ ਅੰਗੀਠੇ ਠੰਢੇ ਹੋ ਜਾਣਗੇ...

ਸੰਪਰਕ: 94173-58120


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ
ਪੰਜਾਬ ਸਵੀਟ ਹਾਊਸ
ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।
ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।
WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE

ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ
2 Locations to Serve you
#4-12818-72 Ave., Surrey, BC
604-591-7611
#8A-31205 Old Yale Rd., Abbotsford, BC
604-504-1761



Expert Advice, Consultation & Representation in all your legal matters

FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*ਸਤੰਬਰ 29 ਦਿਨ ਵੀਰਵਾਰ ਤੋਂ ਅਕਤੂਬਰ 01 ਦਿਨ ਸ਼ਨੀਵਾਰ ਤੱਕ ਅਖੰਡਪਾਠ ਗੁਰੂਘਰ ਵਿਖੇ ਬੀਬੀ ਬਲਜੀਤ ਕੌਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*ਸਤੰਬਰ 30 ਦਿਨ ਸ਼ੁੱਕਰਵਾਰ ਤੋਂ ਅਕਤੂਬਰ 02 ਦਿਨ ਐਤਵਾਰ ਤੱਕ ਆਰੰਭ ਸ੍ਰੀ ਅਖੰਡਪਾਠ ਸਾਹਿਬ ਅਤੇ ਲੰਗਰ ਸੇਵਾ ਗੁਰੂਘਰ ਵਿਖੇ ਸਮੂਹ ਸਾਧ ਸੰਗਤ ਪਿੰਡ ਚੜਿੱਕ ਵੱਲੋਂ:ਪਾਠ ਅਰੰਭ ਗੈਲਰੀ ਹਾਲ ਵਿਖੇ ਸਵੇਰੇ 9:45 ਵਜੇ।

*ਸਤੰਬਰ 30 ਦਿਨ ਸ਼ੁੱਕਰਵਾਰ ਅਨੰਦ ਕਾਰਜ ਦੀ ਰਸਮ ਬੀਬੀ ਸੁਖਬੀਰ ਕੌਰ ਬਰਾੜ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*ਅਕਤੂਬਰ 01 ਦਿਨ ਸ਼ਨੀਵਾਰ ਅਨੰਦ ਕਾਰਜ ਦੀ ਰਸਮ ਸ. ਇੰਦਰਜੀਤ ਸਿੰਘ ਸਿੱਧੂ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*ਅਕਤੂਬਰ 01 ਦਿਨ ਸ਼ਨੀਵਾਰ ਸ੍ਰੀ ਸੁਖਮਨੀ ਸਾਹਿਬ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਸ. ਪ੍ਰਭਜੋਤ ਸਿੰਘ ਸੋਹੀ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*ਅਕਤੂਬਰ 02 ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਅਤੇ ਅੰਤਿਮ ਅਰਦਾਸ ਗੁਰੂਘਰ ਵਿਖੇ ਸਵੇਰੇ 11 ਵਜੇ ਨਮਿੱਤ ਸਵ. ਸ. ਜੰਗੀਰ ਸਿੰਘ ਸਿੱਧੂ:ਵੱਲੋਂ ਸਿੱਧੂ ਸਮੂਹ ਪਰਿਵਾਰ

*ਸਤੰਬਰ 30 ਦਿਨ ਸ਼ੁੱਕਰਵਾਰ ਤੋਂ ਅਕਤੂਬਰ 02 ਦਿਨ ਐਤਵਾਰ ਤੱਕ ਭੋਗ ਸ੍ਰੀ ਅਖੰਡ ਪਾਠ ਅਤੇ ਲੰਗਰ ਸੇਵਾ ਗੁਰੂਘਰ ਵਿਖੇ ਸਮੂਹ ਸਾਧ ਸੰਗਤ ਪਿੰਡ ਚੜਿੱਕ:ਪਾਠ ਭੋਗ ਗੈਲਰੀ ਹਾਲ ਵਿਖੇ ਸਵੇਰੇ 9:15 ਵਜੇ

*ਅਕਤੂਬਰ 02 ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਸ. ਰਣਜੀਤ ਸਿੰਘ ਸਿੱਧੂ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਚਾਣਕ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ ਵਾਲੇ

*ਰਾਗੀ ਜਥਾ ਭਾਈ ਸੁਖਦੇਵ ਸਿੰਘ ਜੀ ਬਠਿੰਡੇ ਵਾਲੇ

*ਕਥਾ ਵਾਚਕ -ਗਿਆਨੀ ਭਾਈ ਉਂਕਾਰ ਸਿੰਘ ਜੀ

*ਢਾਢੀ ਜਥਾ-ਭਾਈ ਗੁਰਵਿੰਦਰ ਸਿੰਘ ਜੀ ਬੈਂਸ ਭਰਤਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਾਲੇ

**ਜਰੂਰੀ ਬੇਨਤੀ:** ਕੋਵਿਡ-19 ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰੋ। ਘੱਟ ਤੋਂ ਘੱਟ ਤੋਂ 6 ਫੁੱਟ ਦੀ ਦੂਰੀ ਬਣਾ ਕੇ ਰੱਖੋ। ਗੁਰਦੁਆਰਾ ਸਾਹਿਬ ਵਿਖੇ ਮਾਸਕ ਤੇ ਸੈਨੀਟਾਇਜ਼ਰ ਉਪਲਬਧ ਹੈ।

**ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ**

**ਗੁਰਦੁਆਰਾ ਸਾਹਿਬ:604-504-5530,**

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗੂੰਥੀ):236-887-5274, ਗਿ. ਮੋਹਕਮ ਸਿੰਘ (ਗੂੰਥੀ):236-887-7037



# ਸੋਫਾ ਫੈਕਟਰੀ

**LOWEST PRICES IN TOWN**

## ਸਟੋਰ ਤੇ ਆ ਕੇ ਵੇਖੋ





## Biggest Sale of the Year

ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।











**2 PCS SOFA & LOVE SEAT**

**$1350**







ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ

**ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ**

# B&B FURNITURE

12732-80TH AVE. SURREY
604.594.6533

ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ




# Dev Bros

## Custom Tailoring

‘ਦੇਵ ਬ੍ਰਦਰਜ’ ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ ‘ਚ

**We Specialize In**

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ

**Phone:604-880-8434**

Shifted to New Location

#117, 1779 Clearbook Road, Abbotsford



# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca